# PUNJAB VIDHAN SABHA

*Tuesday, the 23rd December,2014*

*(Afternoon sitting)*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 3.30 P.M. Mr. Speaker (Doctor Charnjit Singh Atwal) in the Chair.*

-------------------

## STARRED QUESTIONS AND ANSWERS

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ..... (ਵਿਘਨ...)

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਰਾਤ ਗਈ ਤੇ ਬਾਤ ਗਈ, ਇਸ ਨਾਲ ਗੱਲ ਨਹੀਂ ਨਿਬੜਨੀ। Issue stands there. ਸਾਡੇ ਜਿਹੜੇ ਇਸ਼ੂਜ਼ ਹਨ, ਸਾਡੇ ਨਵੇਂ ਇਸ਼ੂਜ਼ ਉਵੇਂ ਹੀ ਖੜ੍ਹੇ ਹਨ। ਠੀਕ ਹੈ ਤੁਸੀਂ ਰੌਲੇ-ਗੌਲੇ ਵਿੱਚ ਨੋ-ਕੰਨਫੀਡੈਂਸ ਮੋਸ਼ਨ ਉਤੇ ਵੋਟ ਕਰਵਾ ਦਿੱਤਾ ਹੈ ਪਰ ਕਿਤੇ ਨਾ ਕਿਤੇ ਤੁਸੀਂ.......

**ਮਾਨਯੋਗ ਸਪੀਕਰ :** ਤੁਸੀਂ ਆਪੇ ਹੀ ਕਰਵਾਇਆ ਹੈ। ਮੈਂ ਹੁਣ ਕੀ ਕਰਦਾ, ਮੇਰੇ ਕੋਲ ਕੀ ਚਾਰਾ ਸੀ?

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਸੀਂ ਸਾਡੇ ਬੰਦਿਆਂ ਨੂੰ ਸਿਰਫ ਇੱਕ ਦਲਿਤ ਦੀ ਬੱਚੀ ਨੂੰ ਵਿਧਾਨ ਸਭਾ ਵਿੱਚ ਲੈ ਕੇ ਆਉਣ ਕਾਰਨ for the entire Session ਸਸਪੈਂਡ ਕਰ ਦਿੱਤਾ ਸੀ। ਸਾਡੀ ਮੰਗ ਸੀ ਕਿ ਇੱਕ ਮੈਂਬਰ ਸਾਹਿਬ ਨੇ ਖੜ੍ਹੇ ਹੋ ਕੇ ਕਿਹਾ ਹੈ and he has accepted the fact that I have been a **? ਮੈਂ ** ਸੀ, ਮੈਂ ** ਹਾਂ, ਮੇਰਾ ** ਨਾਲ ਸਬੰਧ ਹੈ, ਤੁਸੀਂ ਜੋ ਕੁਝ ਕਰਨਾ ਹੈ, ਕਰ ਲਵੋ। ਮੈਂ ਸਮਝਦਾ ਹਾਂ ਕਿ he should be suspended. ....(interruptions)... ਸਪੀਕਰ ਸਾਹਿਬ, ਸਾਡੀ ਮਿਨੀਮਮ ਮੰਗ ਸੀ, ਜੇ ਹਾਊਸ ਚਲਾਉਣਾ ਹੈ, we are for it. ਸਾਡੀਆਂ ਦੋ ਮੰਗਾਂ ਹਨ। ਪਹਿਲਾਂ ਤਾਂ ਸਾਡੀ ਮੰਗ ਸੀ ਕਿ ਮਜੀਠੀਆ ਸਾਹਿਬ ਅਸਤੀਫਾ ਦੇਣ। That we have accepted. ਇਹ ਗੱਲ ਤਾਂ ਹੁਣ ਹੋਣੀ ਹੀ ਹੋਣੀ ਹੈ। ਉਹ ਅਸੀਂ ਲੈ ਲਵਾਂਗੇ।

---

**ਚੇਅਰ ਦੇ ਹੁਕਮਾਂ ਨਾਲ ਐਕਸਪੰਜ ਕੀਤਾ ਗਿਆ।

[ ਸ਼੍ਰੀ ਸੁਨੀਲ ਜਾਖੜ ]

ਉਸ ਵਾਸਤੇ ਚੀਮਾ ਸਾਹਿਬ, (ਡਾਕਟਰ ਦਲਜੀਤ ਸਿੰਘ ਚੀਮਾ) ਸਾਨੂੰ ਮਤਾ ਲਿਆਉਣ ਦੀ ਲੋੜ ਨਹੀਂ ਸੀ। ...(interruption).., Speaker Sahib, my No Confidence Motion was against the Govt. ...(interruption)... ਮਜੀਠੀਆ ਸਾਹਿਬ ਵਾਲਾ ਕੰਮ ਤਾਂ ਨਿਬੜਿਆ ਪਿਆ ਹੈ। ਉਹ ਤਾਂ ਅਸੀਂ ਲੈ ਲਵਾਂਗੇ, ਲੋਕ ਲੈ ਲੈਣਗੇ। ਸੋਸ਼ਲ ਮੀਡੀਆ ਇੰਨਾ ਮਜ਼ਬੂਤ ਹੈ, ਅਸੀਂ ਸੜਕਾਂ ਤੇ ਉਤਰ ਕੇ ਲੈ ਜਾਵਾਂਗੇ। ...(ਵਿਘਨ)(ਸ਼ੋਰ)... ਵਲਟੋਹਾ ਸਾਹਿਬ ਦੀ ਅਸੀਂ ਸਸਪੈਂਨਸ਼ਨ ਮੰਗਦੇ ਹਾਂ। ਅਸੀਂ ਕਿਹਾ ਸੀ ਕਿ ਇਨ੍ਹਾਂ ਨੂੰ ਸਸਪੈਂਡ ਕਰ ਦਿਉ।

(ਇਸ ਸਮੇਂ ਮਾਲ ਤੇ ਮੁੜ ਵਸੇਬਾ ਮੰਤਰੀ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁਝ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।) ...(ਵਿਘਨ)(ਸ਼ੋਰ)...

**ਸ਼੍ਰੀ ਸੁਨੀਲ ਜਾਖੜ:** ਉਹ ਤਾਂ ਅਸੀਂ ਲੈ ਲਵਾਂਗੇ। It is a done deal. It is just a matter of timing. ..(interruption) ...

**ਮਾਲ ਤੇ ਮੁੜ ਵਸੇਬਾ ਮੰਤਰੀ :** ** **

**ਸ਼੍ਰੀ ਸੁਨੀਲ ਜਾਖੜ :** ਅਸੀਂ ਵਲਟੋਹਾ ਸਾਹਿਬ ਦੀ ਸਸਪੈਨਸ਼ਨ ਮੰਗਦੇ ਹਾਂ...(ਵਿਘਨ)(ਸ਼ੋਰ)...

**ਮਾਨਯੋਗ ਸਪੀਕਰ :** ਜਦੋਂ ਉਨ੍ਹਾਂ ਨੇ ਮੁਆਫੀ ਮੰਗ ਲਈ ਹੈ ਤਾਂ ਫਿਰ ਬਾਕੀ ਕੀ ਰਹਿ ਗਿਆ ਹੈ? ...(ਵਿਘਨ)(ਸ਼ੋਰ)...

**Shri Sunil Jakhar :** ** ** **

**Revenue and Rehabilitation Minister :** ** ** **

**Shri Sunil Jakhar :** * * ** **

**Revenue and Rehabilitation Minister** : ** **

**ਸ਼੍ਰੀ ਸੁਨੀਲ ਜਾਖੜ :** ** ** **

**ਮਾਲ ਤੇ ਮੁੜ ਵਸੇਬਾ ਮੰਤਰੀ :** ** **

---

**ਚੇਅਰ ਦੇ ਹੁਕਮਾਂ ਨਾਲ ਐਕਸਪੰਜ ਕੀਤਾ ਗਿਆ।

**ਮਾਨਯੋਗ ਸਪੀਕਰ :** ਇਹ ਸਾਰਾ ਰੌਲਾ ਐਕਸਪੰਜ ਕਰ ਦਿਉ...(ਵਿਘਨ)(ਸ਼ੋਰ)... Please address the Chair. Whosoever speaks without my permission shall not be recorded. Only Jakhar Sahib's speech will be recorded. ...(ਵਿਘਨ..ਸ਼ੋਰ) ...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਸਾਡੀਆਂ ਦੋ ਹੀ ਮੰਗਾਂ ਹਨ।

**ਮਾਨਯੋਗ ਸਪੀਕਰ :** ਦੇਖੋ, ਮੈਂਬਰ ਨੇ ਮੁਆਫੀ ਮੰਗ ਲਈ ਹੈ, ਉਸ ਨੇ ਆਪਣੇ ਲਫਜ਼ ਵਿਦਡਰਾਅ ਕਰ ਲਏ ਹਨ। ਜਦੋਂ ਮੈਂਬਰ ਨੇ ਮੁਆਫੀ ਮੰਗ ਲਈ ਹੈ, ਫਿਰ ਬਾਕੀ ਕੀ ਰਹਿ ਗਿਆ ਹੈ? ਉਨ੍ਹਾਂ ਨੇ ਆਪਣੇ ਲਫਜ਼ ਵਿਦਡਰਾਅ ਕਰ ਲਏ ਹਨ। ...(ਵਿਘਨ)(ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ** ** **

**ਮਾਨਯੋਗ ਸਪੀਕਰ :** ਨਹੀਂ ਜੀ। ਇਹ ਗੱਲ ਨਹੀਂ ਹੈ। ਬਾਦਲ ਸਾਹਿਬ, ਸੀ.ਐਮ. ਸਾਹਿਬ ਨੇ ਵੀ ਕਿਹਾ ਹੈ ...(ਵਿਘਨ..ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਬੀ.ਜੇ.ਪੀ. ਵਾਲੇ ਹੁਣ ਬੋਲਦੇ ਕਿਉਂ ਨਹੀਂ? ...(ਵਿਘਨ) ...

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸਪੀਕਰ ਸਾਹਿਬ, ... (ਵਿਘਨ ...ਸ਼ੋਰ)

**ਮਾਨਯੋਗ ਸਪੀਕਰ :** ਮਲੂਕਾ ਜੀ, ਤੁਸੀਂ ਬੈਠੋ। (ਵਿਘਨ ...ਸ਼ੋਰ).. Please sit down.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਸੀਂ ਇਸ ਤਰ੍ਹਾਂ ਹਾਊਸ ਨੂੰ ਕਿਵੇਂ ਚਲਾਓਗੇ? ਪਹਿਲਾਂ ਬੀ.ਜੇ.ਪੀ. ਦਾ ਸਟੈਂਡ ਕਲੀਅਰ ਕਰੋ। ...(ਵਿਘਨ ...ਸ਼ੋਰ)...

**ਮਾਨਯੋਗ ਸਪੀਕਰ :** ਮੇਰੀ ਇਕ ਬੇਨਤੀ ਸੁਣ ਲਓ। ...(ਵਿਘਨ ...ਸ਼ੋਰ)...

**ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ):** ਸਪੀਕਰ ਸਾਹਿਬ... (ਵਿਘਨ ...ਸ਼ੋਰ)...

---

**ਚੇਅਰ ਦੇ ਹੁਕਮਾਂ ਅਨੁਸਾਰ ਐਕਸਪੰਜ ਕੀਤੇ ਗਏ।

**ਮਾਨਯੋਗ ਸਪੀਕਰ :** ਸਰਦਾਰ ਤੋਤਾ ਸਿੰਘ ਜੀ, ਤੁਸੀਂ ਬੈਠੋ। ਤੁਸੀਂ ਸਾਰੇ ਮੇਰੀ ਬੇਨਤੀ ਸੁਣ ਲਓ, ਮੈਂ ਇਸ ਪਵਿੱਤਰ ਚੇਅਰ ਤੇ ਬੈਠਾ ਹਾਂ, ਮੈਂ ਝੂਠ ਨਹੀਂ ਬੋਲਦਾ। ਇਸ ਬਹਿਸ ਵਿਚ ਮਿੱਤਲ ਸਾਹਿਬ ਅਤੇ ਸੋਮਨਾਥ ਜੀ ਦਾ ਨਾਮ ਸੀ ਪਰ ਤੁਹਾਡੇ ** ਕਰਕੇ ਉਹ ਬੋਲਣ ਤੋਂ ਰਹਿ ਗਏ। ...(ਵਿਘਨ ...ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਸਾਡੀ ਗੱਲ ** ਹੈ? ** ਦਾ ਮਸਲਾ ** ਹੈ। ਤੁਸੀਂ ਆਪਣੇ ਸ਼ਬਦ ਵਿਦਡਰਾਅ ਕਰੋ। ਸਪੀਕਰ ਸਾਹਿਬ, I leave it with your discretion please withdraw these ** words, ਇਹ ** ਸ਼ਬਦ ਵਾਪਸ ਲਓ। ਇਹ ਬਹੁਤ ਸੀਰੀਅਸ ਮਸਲਾ ਹੈ। (ਵਿਘਨ ...ਸ਼ੋਰ) I am forced to say these words.

**ਮਾਨਯੋਗ ਸਪੀਕਰ :** Ok, I withdraw them. ...(ਵਿਘਨ ...ਸ਼ੋਰ)...

**Shri Sunil Jakhar :** There is nothing personal. It is a matter of principle. ...(ਵਿਘਨ...ਸ਼ੋਰ)...

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਤੁਸੀਂ ਮੇਰੀ ਬੇਨਤੀ ਸੁਣ ਲਓ, ...(ਵਿਘਨ.ਸ਼ੋਰ)... ਤੁਸੀਂ ਮੇਰੀ ਗੱਲ ਨੂੰ ਸੁਣਿਆ ਨਹੀਂ। ਜੇ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਹੁਣ ਵੀ ਚਿੱਟ ਕੱਢ ਕੇ ਦਿਖਾ ਸਕਦਾ ਹਾਂ। ਮਿੱਤਲ ਸਾਹਿਬ ਅਤੇ ਸੋਮਨਾਥ ਜੀ ਨੇ ਇਸ ਬਹਿਸ ਤੇ ਬੋਲਣਾ ਸੀ ਪਰ ਆਪਣੀ ਇਸ ਉਲਝਣ ਵਿਚ ਉਹ ਨਹੀਂ ਬੋਲ ਸਕੇ। ...(ਵਿਘਨ..ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਜਦੋਂ ਕਹਿ ਰਿਹਾ ਹਾਂ ਕਿ ਮਜੀਠੀਆ ਜੀ ਵਾਲੇ ਇਸ਼ੂ ਨੂੰ ਅਸੀਂ ਟੈਕਲ ਕਰ ਲਵਾਂਗੇ। ਅਸੀਂ ਆਪਣੇ ਆਪ ਹੀ ਇਨ੍ਹਾਂ ਦਾ ਅਸਤੀਫਾ ਲੈ ਲਵਾਂਗੇ। ਜਿਥੋਂ ਤੱਕ ਸਰਕਾਰ ਡੇਗਣ ਦਾ ਮਸਲਾ ਹੈ, ਉਸ ਵਿੱਚ ਇਹ ਰਹਿੰਦੇ ਦੋ ਸਾਲ ਬੀ.ਜੇ.ਪੀ. ਦੇ ਖਾਤੇ ਵਿੱਚ ਹੀ ਪੈਣਗੇ। If this government exists, it is because of their complicity, they are the partners in drug trafficking. ਇਹ ਦੋ ਸਾਲ ਦੀ ਮੁਹਲਤ ਇਨ੍ਹਾਂ ਨੇ ਦਿੱਤੀ ਹੈ ਪਰ ਸਾਲ, ਦੋ ਸਾਲ ਵਿਚ ਅਗਰ ਇਕ ਵੀ ਬੱਚੇ ਦੀ ਮੌਤ ਨਸ਼ੇ ਨਾਲ ਹੁੰਦੀ ਹੈ then I will hold you personally responsible Mittal Sahib, you will be responsible (Thumping by Opposition Members) ਮੋਦੀ ਸਾਹਿਬ ਨੂੰ ਕਿਵੇਂ ਜਵਾਬ ਦਿਉਗੇ?

**ਚੇਅਰ ਵੱਲੋਂ ਵਿਦਡਰਾਅ ਕੀਤੇ ਜਾਣ ਤੇ ਐਕਸਪੰਜ ਕੀਤੇ ਗਏ।

ਸਪੀਕਰ ਸਾਹਿਬ, ਜਿਥੇ ਜਾ ਕੇ ਮਾਂ ਰੋਈ ਸੀ ਕਿ ਸਾਡੇ ਬੱਚਿਆਂ ਨੂੰ ਬਚਾ ਲਓ। ਸਪੀਕਰ ਸਾਹਿਬ, ਸੈਕਿੰਡ ਆਲਟਰਨੇਟਿਵ ਹੈ ...(ਵਿਘਨ ...ਸ਼ੋਰ)...

**ਮਾਲ ਤੇ ਮੁੜ ਵਸੇਬਾ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਮਨਸ਼ਾ ਕਲੀਅਰ ਹੋ ਗਈ ਹੈ। ਇਹ ਦਬਕਾ ਮਾਰ ਰਹੇ ਹਨ ਕਿ ਮਿੱਤਲ ਸਾਹਿਬ, ਜੇ ਤੁਸੀਂ ਸਾਡਾ ਸਾਥ ਨਹੀਂ ਦਿਉਗੇ ਤਾਂ ਅਸੀਂ ਅਗਲਾ ਨਾਮ ਤੁਹਾਡਾ ਕਢਾਵਾਂਗੇ। ...(ਵਿਘਨ ...ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਇਨ੍ਹਾਂ ਦਾ ਨਾਮ ਵੀ ਆਵੇਗਾ। ਰੇਤੇ ਵਾਲਾ ਕੰਮ ਤਿਆਰ ਪਿਆ ਹੈ। ਤੁਸੀਂ ਫਿਕਰ ਨਾ ਕਰੋ। ਸਪੀਕਰ ਸਾਹਿਬ, ਮੈਂ ਹਾਊਸ ਚਲਾਉਣ ਲਈ ਪਰਪੋਜ਼ਲ ਦਿੰਦਾ ਹਾਂ ਕਿ ਆਨਰੇਬਲ ਚੀਫ ਮਨਿਸਟਰ ਸਾਹਿਬ ਇਕ ਮੋਸ਼ਨ ਮੂਵ ਕਰਨ that this House condemns the Prime Minister of the country for singling out Punjab for being involved in drug trade ਸਾਨੂੰ ਐਵੇਂ ਹੀ ਬਦਨਾਮ ਕੀਤਾ ਹੈ। ...(ਵਿਘਨ..ਸ਼ੋਰ)...

**ਮਾਲ ਤੇ ਮੁੜ ਵਸੇਬਾ ਮੰਤਰੀ :** (ਲੀਡਰ ਆਫ ਦੀ ਆਪੋਜੀਸ਼ਨ ਵੱਲ ਇਸ਼ਾਰਾ) ਤੁਸੀਂ ਪਹਿਲਾਂ ਸੀ.ਐਮ. ਸਾਹਿਬ ਦੇ ਐਡਵਾਈਜ਼ਰ ਲੱਗ ਜਾਓ। ਫਿਰ ਸਾਨੂੰ ਐਡਵਾਈਜ਼ ਕਰਿਆ ਕਰੋ।...(ਵਿਘਨ....ਸ਼ੋਰ)...

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ..(ਵਿਘਨ...ਸ਼ੋਰ)...

**Mr. Speaker :** Please listen to Mittal Sahib. ...(ਵਿਘਨ ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ ...(ਵਿਘਨ...ਸ਼ੋਰ)...

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਜਿਹੜੀ ਚੀਜ਼ ਪਾਸੀਬਲ ਹੀ ਨਹੀਂ ਹੈ, ਉਹ ਨਾ ਕਰੋ..(ਵਿਘਨ ..ਸ਼ੋਰ)..

**ਸ਼੍ਰੀ ਸੁਨੀਲ ਜਾਖੜ :** ਮਨ ਕੀ ਬਾਤ ਤਾਂ ਕਰ ਲਓ। (ਡਾਕਟਰ ਦਲਜੀਤ ਸਿੰਘ ਚੀਮਾ ਨੂੰ ਸੰਬੋਧਨ ਕਰਦੇ ਹੋਏ) ਤੁਹਾਨੂੰ ਇਹ ਗੱਲ ਬੜੀ ਚੁਭੀ ਹੋਣੀ ਹੈ। ..(ਵਿਘਨ ...ਸ਼ੋਰ)...

**ਸੰਸਦੀ ਮਾਮਲੇ ਮੰਤਰੀ :** ਜਾਖੜ ਸਾਹਿਬ, ਤੁਸੀਂ ਬੈਠ ਜਾਓ। ਸੁਣ ਤਾਂ ਲਓ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ...(ਵਿਘਨ..ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ... (ਵਿਘਨ ਸ਼ੋਰ)...

**Mr. Speaker :** No, Please sit down Jakhar Sahib.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ..(ਵਿਘਨ) (ਸ਼ੋਰ)..

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਪਹਿਲਾਂ ਮਿੱਤਲ ਸਾਹਿਬ ਨੂੰ ਬੋਲ ਲੈਣ ਦਿਉ। Please sit down. ...(interruption).. No, now you have crossed your limit. No, please sit down. Now sit down. ਜਾਖੜ ਸਾਹਿਬ, now you have crossed your limits. No, please sit down. Now sit down. ..(ਵਿਘਨ) (ਸ਼ੋਰ)..

**ਸੰਸਦੀ ਮਾਮਲੇ ਮੰਤਰੀ :** ਜਾਖੜ ਸਾਹਿਬ, ਮੈਂ ਮੋਸ਼ਨ ਮੂਵ ਕਰਾਂਗਾ। ਜਾਖੜ ਸਾਹਿਬ, ਬੈਠੋ, ਬੀ.ਜੇ.ਪੀ ਵਾਲਿਆਂ ਨੂੰ ਤਾਂ ਸੁਣ ਲਓ।

**Shri Sunil Jakhar :** You don't have authority to sermonise us and you don't have to preach us. Morality ਦਾ ਸਵਾਲ ਹੈ।

**Parliamentry Affairs Minister :** We don't want any preaching from you (ਸ਼ੋਰ..ਵਿਘਨ..)

**ਮਾਨਯੋਗ ਸਪੀਕਰ :** ਜਾਖੜ ਸਾਹਿਬ, now you have crossed your limits. ..(interruption)... No-no, please sit down.

**Parliamentry Affairs Minister:** Don't shout .... (interruption)..... Non-sense talking. ..(interruption)...

**ਮਾਨਯੋਗ ਸਪੀਕਰ :** ਜਾਖੜ ਸਾਹਿਬ, now you have crossed your limits. ...(ਵਿਘਨ)...ਇਹ ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਸ਼੍ਰੀ ਦੀਪ ਮਲਹੋਤਰਾ ਜੀ, ਤੁਸੀਂ ਆਪਣਾ ਸਵਾਲ ਪੇਸ਼ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰਾਂ ਵੱਲੋਂ ਸਦਨ ਦੇ ਵੈੱਲ ਵਿਚ ਆ ਕੇ *** *** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।ਇਸ ਸਮੇਂ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

------

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

## ਸਾਦਿਕ ਵਿਖੇ ਖੇਡ ਸਟੇਡੀਅਮ ਬਣਾਉਣਾ

***1699. ਸ਼੍ਰੀ ਦੀਪ ਮਲਹੋਤਰਾ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਦੇ ਹਿਠਾੜ ਦੇ ਇਲਾਕੇ ਦੀ ਮੁੱਖ ਮੰਗ ਦੇ ਮੱਦੇਨਜ਼ਰ ਸਾਦਿਕ ਵਿਖੇ ਖੇਡ ਸਟੇਡੀਅਮ/ਖੇਡ ਵਿੰਗ ਕਦੋਂ ਤੱਕ ਬਣਾਇਆ ਜਾ ਰਿਹਾ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ :** ਸ਼੍ਰੀਮਾਨ ਜੀ, ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਵੈੱਲ ਆਫ ਦੀ ਹਾਊਸ ਵਿਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

**ਸ਼੍ਰੀ ਦੀਪ ਮਲਹੋਤਰਾ :** ਸਪੀਕਰ ਸਾਹਿਬ, ਬੇਨਤੀ ਕੀਤੀ ਜਾਂਦੀ ਹੈ ਕਿ ਸਾਦਿਕ ਕਸਬਾ 60-65 ਪਿੰਡਾਂ ਦਾ ਬਿੰਦੂ ਕੇਂਦਰ ਹੈ ਅਤੇ ਖੇਡਾਂ ਦਾ ਮਹਿਕਮਾ ਤੁਹਾਡੇ ਕੋਲ ਹੈ। ਇੱਕ ਸਟੇਡੀਅਮ ਦੀ ਢਾਈ ਲੱਖ ਰੁਪਏ ਦੀ ਗਰਾਂਟ ਜਦੋਂ ਤੁਸੀਂ ਮੈਂਬਰ ਪਾਰਲੀਮੈਂਟ ਸੀ, ਉਦੋਂ ਦਿੱਤੀ ਸੀ। ਉਸ ਤੋਂ ਬਾਅਦ ਕਿਸੇ ਨੇ ਉਸ ਦਾ ਕੰਮ ਨਹੀਂ ਕਰਵਾਇਆ। ਮੈਂ ਤੁਹਾਨੂੰ ਬੇਨਤੀ ਕਰਦਾ ਹੈ ਕਿਉਂਕਿ ਖੇਡਾਂ ਦਾ ਤੁਸੀਂ ਬਜਟ ਵੀ ਵਧਾ ਦਿੱਤਾ ਹੈ ਤੇ ਖੇਡਾਂ ਦਾ ਮਹਿਕਮਾ ਤੁਹਾਡੇ ਕੋਲ ਹੈ ਤੇ 50-60 ਪਿੰਡਾਂ ਦਾ ਉਹ ਕੇਂਦਰ ਹੈ, ਸਬ-ਤਹਿਸੀਲ ਬਣੀ ਹੋਈ ਹੈ, ਸਿਵਲ ਹਸਪਤਾਲ ਅਤੇ ਮਾਰਕਿਟ ਕਮੇਟੀ ਵੀ ਉਥੇ ਬਣੀ ਹੋਈ ਹੈ। ਇਸ ਕਰਕੇ ਸਟੇਡੀਅਮ ਵਾਸਤੇ 30 ਲੱਖ ਰੁਪਏ ਗਰਾਂਟ ਚਾਹੀਦੀ ਹੈ, ਉਹ ਮਿਹਰਬਾਨੀ ਕਰਕੇ ਤੁਸੀਂ ਦੇ ਦਿਉ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਤਾਂ ਜਾਇਜ਼ ਹੈ ਪਰ ਅਸੀਂ ਵਿਚਾਰ ਕਰਕੇ ਇਨ੍ਹਾਂ ਨੂੰ ਇਨਫਾਰਮ ਕਰ ਦਿਆਂਗੇ।..(ਵਿਘਨ..ਸ਼ੋਰ)...

-----------

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

## ਪੰਜਾਬ ਜੰਗਲਾਤ ਕਾਰਪੋਰੇਸ਼ਨ ਦੇ ਉਦੇਸ਼

***1729. ਸਰਦਾਰ ਹਰਪ੍ਰੀਤ ਸਿੰਘ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਾਲ 1983 ਵਿੱਚ ਸਥਾਪਿਤ ਕੀਤੀ ਗਈ ਪੰਜਾਬ ਜੰਗਲਾਤ ਕਾਰਪੋਰੇਸ਼ਨ ਦਾ ਉਦੇਸ਼ ਕੀ ਸੀ?

(ਅ) ਉਪਰੋਕਤ ਕਾਰਪੋਰੇਸ਼ਨ ਵਿੱਚ ਕਿੰਨਾ ਸਟਾਫ ਹੈ, ਇਸ ਸਟਾਫ ਤੋਂ ਕੀ ਕੰਮ ਲਿਆ ਜਾਂਦਾ ਹੈ ਅਤੇ ਇਸ ਦਾ ਸਲਾਨਾ ਖਰਚਾ ਕਿੰਨਾ ਹੈ?

**ਸ਼੍ਰੀ ਚੂਨੀ ਲਾਲ ਭਗਤ :** (ੳ) ਪੰਜਾਬ ਰਾਜ ਵਣ ਵਿਕਾਸ ਨਿਗਮ ਦਾ ਮੁੱਖ ਉਦੇਸ਼ ਵਣ ਵਿਭਾਗ ਵੱਲੋਂ ਸਰਕਾਰੀ ਜੰਗਲਾਂ ਵਿਚ ਤਬਦੀਲ ਕੀਤੇ ਗਏ ਰੁੱਖਾਂ ਦੀ ਕਟਾਈ/ਨਿਲਾਮੀ ਹੈ ਅਤੇ ਸਬੰਧਿਤ ਉਦੇਸ਼ ਲੱਕੜ ਅਤੇ ਲੱਕੜ ਦੇ ਆਧਾਰਿਤ ਸਮਾਨ ਅਤੇ ਹੋਰ ਵਸਤੂਆਂ ਦਾ ਵਣਜ ਵਪਾਰ ਹੈ।

(ਅ) ਪੰਜਾਬ ਰਾਜ ਵਣ ਵਿਕਾਸ ਨਿਗਮ ਵਿਚ ਇਸ ਸਮੇਂ ਕੁੱਲ 223 ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ। ਇਸ ਸਟਾਫ ਪਾਸੋਂ ਵਣ ਵਿਭਾਗ ਤੋਂ ਤਬਦੀਲ ਕੀਤੇ ਦਰੱਖਤਾਂ ਦੀ ਕਟਾਈ/ਨਿਲਾਮੀ, ਵੱਖ ਵੱਖ ਅਦਾਰਿਆਂ ਨੂੰ ਫਰਨੀਚਰ ਸਪਲਾਈ ਕਰਨਾ, ਚੇਨ ਲਿੰਕ ਬਣਾਉਣਾ ਅਤੇ ਸਪਲਾਈ ਕਰਨਾ ਅਤੇ ਲੱਕੜ ਦੇ ਵਣਜ ਵਪਾਰ ਦਾ ਕੰਮ ਲਿਆ ਜਾ ਰਿਹਾ ਹੈ।

ਵਣ ਨਿਗਮ ਦੇ ਸਟਾਫ ਦਾ ਸਾਲ 2013-14 ਦਾ ਸਾਲਾਨਾ ਖਰਚਾ 12.83 ਕਰੋੜ ਰੁਪਏ ਹੈ। ..(ਵਿਘਨ)..

**ਮਾਨਯੋਗ ਸਪੀਕਰ :** ਨਹੀਂ, ਨਹੀਂ, ਰੰਧਾਵਾ ਜੀ, ਪਰਸਨਲ ਕੁਮੈਂਟਸ ਨਾ ਕਰੋ। Don't do personal comments. Nothing should be recorded. ..(interruption)...ਤੁਹਾਡਾ ਪੁਆਇੰਟ ਆ ਗਿਆ ਹੈ ...(ਵਿਘਨ)(ਸ਼ੋਰ)...। Please go to your seats now. (interruption ) ਹਾਂ ਜੀ, ਹਰਪ੍ਰੀਤ ਸਿੰਘ ਜੀ, ਤੁਸੀਂ ਸਪਲੀਮੈਂਟਰੀ ਕਰੋ। ਇਹ ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ

ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ **** **** ਨਾਅਰੇ ਮਾਰ ਰਹੇ ਸਨ ਜੋ ਕਿ ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਸਰਦਾਰ ਹਰਪ੍ਰੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ (ਵਿਘਨ..ਸ਼ੋਰ).. ਕਿ ਸੈਸ਼ਨ ਦੀ ਪਿਛਲੀ ਸਿਟਿੰਗ ਵਿੱਚ ਵੀ ਮਾਨਯੋਗ ਚੇਅਰ ਦੇ ਖਿਲਾਫ ਜੋ ਅਪੋਜ਼ੀਸ਼ਨ ਨੇ ਨਾਅਰੇਬਾਜ਼ੀ ਕੀਤੀ ਸੀ, (ਵਿਘਨ..ਸ਼ੋਰ).. ਉਹ ਵੀ ਐਕਸਪੰਜ ਕੀਤੀ ਜਾਵੇ ਅਤੇ ਇਸ ਸੈਸ਼ਨ ਵਿੱਚ ਇਨ੍ਹਾਂ ਨੇ ਜੋ ਮਾਨਯੋਗ ਮੈਂਬਰਾਂ ਦੇ ਖਿਲਾਫ ਗੱਲਾਂ ਕੀਤੀਆਂ ਹਨ, ਉਹ ਐਕਸਪੰਜ ਕੀਤੀਆਂ ਜਾਣ। (ਵਿਘਨ..ਸ਼ੋਰ)..

ਮੇਰੀ ਸਪਲੀਮੈਂਟਰੀ ਹੈ ਕਿ ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਵਣ ਵਿਕਾਸ ਨਿਗਮ ਵਿੱਚ 223 ਕਰਮਚਾਰੀ ਕੰਮ ਕਰ ਰਹੇ ਹਨ ਅਤੇ ਤਕਰੀਬਨ 12.83 ਕਰੋੜ ਰੁਪਿਆ ਖਰਚਾ ਆ ਰਿਹਾ ਹੈ ਅਤੇ ਉਨ੍ਹਾਂ ਤੋਂ ਜੋ ਕੰਮ ਲਿਆ ਜਾਣਾ ਹੈ, ਉਹ ਨਹੀਂ ਲਿਆ ਜਾ ਰਿਹਾ ਹੈ।.... ...(ਵਿਘਨ. ਸ਼ੋਰ) ..

**ਮਾਨਯੋਗ ਸਪੀਕਰ :** ਤੁਸੀਂ ਸੀਟਾਂ ਤੇ ਜਾਉ ਹੁਣ। ਬਹੁਤ ਸਮਾਂ ਹੋ ਗਿਆ ਹੈ ..(ਵਿਘਨ..ਸ਼ੋਰ).. Please go to your seats now. ਤੁਹਾਡੇ ਕੁਐਸਚਨ ਵੀ ਵਿੱਚ ਹੀ ਹਨ।

**ਸਰਦਾਰ ਹਰਪ੍ਰੀਤ ਸਿੰਘ :** ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਸ ਕੰਮ ਵਾਸਤੇ ਇਹ ਨਿਗਮ ਬਣਾਈ ਗਈ ਹੈ, ਉਸ ਤੋਂ ਉਹ ਕੰਮ ਲਿਆ ਜਾਵੇ। ..(ਵਿਘਨ..ਸ਼ੋਰ)..

**Mr. Speaker :** Please go to your seats.

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜੋ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਮੈਨੂੰ ਸਵਾਲ ਪੁੱਛਿਆ ਹੈ, ਉਸ ਦਾ ਜਵਾਬ ਮੈਂ ਦੇ ਚੁੱਕਾ ਹਾਂ। ਅਗਰ ਇਨ੍ਹਾਂ ਨੇ ਕੋਈ ਹੋਰ ਸਵਾਲ ਪੁੱਛਣਾ ਹੈ ਤਾਂ ਇਹ ਦੁਬਾਰਾ ਸਵਾਲ ਲਗਾ ਦੇਣ।

--------

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ ।

## ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ ਵਿਰੁੱਧ ਕਾਰਵਾਈ

***1719. ਸਰਦਾਰ ਸਿਮਰਜੀਤ ਸਿੰਘ ਬੈਂਸ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸ੍ਰੀ ਰਜਿੰਦਰ ਕੁਮਾਰ, ਤਹਿਸੀਲ ਭਲਾਈ ਅਫਸਰ, ਵਧੀਕ ਚਾਰਜ ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ ਨੂੰ ਸੁੱਚਾ ਸਿੰਘ ਪੁੱਤਰ ਤਾਰਾ ਸਿੰਘ, ਵਾਸੀ ਪਿੰਡ ਧੂਲਕੋਟ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੀ ਸ਼ਿਕਾਇਤ ਅਤੇ ਜਾਂਚ ਅਧਿਕਾਰੀ ਦੀ ਸਿਫਾਰਸ਼ ਦੇ ਅਧਾਰ ਤੇ ਅਹੁਦੇ ਤੋਂ ਲਾਹੇ ਜਾਣ ਉਪਰੰਤ ਜ਼ਿਲ੍ਹਾ ਭਲਾਈ ਅਫਸਰ ਵਜੋਂ ਮੁੜ ਬਹਾਲ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਅਧਿਕਾਰੀ ਦੇ ਖਿਲਾਫ ਹੋਈ ਪੜਤਾਲ ਅਤੇ ਉਸ ਵਿਰੁੱਧ ਲਗਾਏ ਗਏ ਦੋਸ਼ਾਂ ਦੇ ਵੇਰਵੇ ਕੀ ਹਨ?

(ਅ) ਕੀ ਉਕਤ ਅਧਿਕਾਰੀ ਦੇ ਵਿਰੁੱਧ ਕੋਈ ਵਿਭਾਗੀ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ?

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ):** ਸ਼੍ਰੀਮਾਨ ਜੀ, (ੳ) ਨਹੀਂ ਜੀ। ਸ਼੍ਰੀ ਰਜਿੰਦਰ ਕੁਮਾਰ, ਤਹਿਸੀਲ ਭਲਾਈ ਅਫਸਰ, ਲੁਧਿਆਣਾ, ਵਧੀਕ ਚਾਰਜ ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ ਵਿਰੁੱਧ ਸ਼੍ਰੀ ਸੁੱਚਾ ਸਿੰਘ ਪੁੱਤਰ ਤਾਰਾ ਸਿੰਘ ਵੱਲੋਂ ਭਲਾਈ ਵਿਭਾਗ ਕੋਲ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਨਾ ਹੀ ਅਧਿਕਾਰੀ ਨੂੰ ਉਸ ਦੀ ਤਹਿਸੀਲ ਭਲਾਈ ਅਫਸਰ, ਲੁਧਿਆਣਾ ਜਾਂ ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ ਦੇ ਵਾਧੂ ਚਾਰਜ ਦੌਰਾਨ ਸੇਵਾ ਤੋਂ ਮੁਅੱਤਲ ਕੀਤਾ ਗਿਆ ਹੈ।

(ਅ) ਹਾਂ ਜੀ, ਉਕਤ ਅਧਿਕਾਰੀ ਵਿਰੁੱਧ ਇੱਕ ਵੱਖਰੇ ਕੇਸ ਵਿੱਚ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਵਲੀ, 1970 ਦੇ ਨਿਯਮ 8 ਤਹਿਤ ਚਾਰਜਸ਼ੀਟ ਲੰਬਿਤ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ** ** ** ** ਨਾਅਰੇ ਮਾਰ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ।)

---

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

**ਮਾਨਯੋਗ ਸਪੀਕਰ :** ਹੁਣ ਤੁਸੀਂ ਆਪਣੀਆਂ ਸੀਟਾਂ ਤੇ ਚਲੇ ਜਾਉ। .. (ਵਿਘਨ..ਸ਼ੋਰ)..

**ਸਰਦਾਰ ਸਿਮਰਜੀਤ ਸਿੰਘ ਬੈਂਸ :** ਕਿਰਪਾ ਕਰਕੇ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਜੇਕਰ ਇੰਨੇ ਕੁਰੱਪਟ ਅਫ਼ਸਰ ਨੂੰ ਜ਼ਿਲ੍ਹੇ ਦੀ ਪਰਾਈਮ ਪੋਸਟ ਤੇ ਲਗਾਇਆ ਗਿਆ ਹੈ, ਕੀ ਸਰਕਾਰ ਕੋਲ ਕੋਈ ਹੋਰ ਕੁਰੱਪਟ ਅਫ਼ਸਰਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਪਬਲਿਕ ਡੀਲਿੰਗ ਦੀਆਂ ਸੀਟਾਂ ਦਿੱਤੀਆਂ ਜਾਣ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

**ਮੰਤਰੀ :** ਸਪੀਕਰ ਸਾਹਿਬ, ਇੱਕ ਚਾਰਜਸ਼ੀਟ ਲੰਬਿਤ ਹੈ। ਮੈਂਬਰ ਸਾਹਿਬ ਨੇ ਆਪਣੇ ਕੋਲੋਂ ਹੀ ਫਤਵਾ ਦੇ ਦਿੱਤਾ ਹੈ ਕਿ ਉਹ ਕੁਰੱਪਟ ਅਫ਼ਸਰ ਹੈ। (ਵਿਘਨ..ਸ਼ੋਰ..) ਜਿੰਨਾ ਚਿਰ ਕਿਸੇ ਤੇ ਦੋਸ਼ ਸਾਬਤ ਨਹੀਂ ਹੋ ਜਾਂਦਾ, ਉਨਾ ਚਿਰ ਕੁਰੱਪਟ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਸਾਰਿਆਂ ਦੀ ਬੋਲੀ ਇੱਕ ਹੀ ਹੈ। (ਵਿਘਨ..ਸ਼ੋਰ..) ਇਸ ਕਰਕੇ ਹੀ ਉਨ੍ਹਾਂ ਨੇ ਕਹਿ ਦਿੱਤਾ ਹੈ। ਉਹ ਜ਼ਿਲ੍ਹੇ ਦਾ ਸੀਨੀਅਰ ਅਫ਼ਸਰ ਹੈ ਅਤੇ ਉਸ ਨੂੰ ਸਿਰਫ ਚਾਰਜ ਹੀ ਦਿੱਤਾ ਗਿਆ ਹੈ। ਉਸ ਉਤੇ ਕੋਈ ਦੋਸ਼ ਸਾਬਤ ਨਹੀਂ ਹੋਇਆ। ਜਿੰਨਾ ਚਿਰ ਦੋਸ਼ ਸਾਬਤ ਨਹੀਂ ਹੁੰਦਾ, ਉਨਾ ਚਿਰ ਅਸੀਂ ਉਸ ਨੂੰ ਕੁਰੱਪਟ ਨਹੀਂ ਕਹਿ ਸਕਦੇ। (ਵਿਘਨ..ਸ਼ੋਰ..)

**Mr. Speaker :** Please go to your seats. ...(interruption)... ਅਗਲਾ ਸਵਾਲ ਸਰਦਾਰ ਰਣਦੀਪ ਸਿੰਘ ਨਾਭਾ ਜੀ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ. 1723

**ਸਰਦਾਰ ਰਣਦੀਪ ਸਿੰਘ :** ਮੈਂ ਆਪਣੀ ਪਾਰਟੀ ਨਾਲ ਖੜ੍ਹਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਰਣਦੀਪ ਸਿੰਘ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

-------

## ਵਿਰਾਸਤੀ ਮੇਲੇ ਦੀ ਗ੍ਰਾਂਟ ਸਬੰਧੀ

***1695. ਸ਼੍ਰੀ ਦੀਪ ਮਲਹੋਤਰਾ:** ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਮਿਤੀ 15 ਸਤੰਬਰ ਤੋਂ 23 ਸਤੰਬਰ ਤੱਕ ਮਨਾਏ ਜਾਂਦੇ ਬਾਬਾ ਫਰੀਦ ਜੀ ਦੇ ਮੇਲੇ ਨੂੰ ਸਾਲ 1998 ਤੋਂ ਕੇਂਦਰ ਸਰਕਾਰ ਵਲੋਂ ਕੌਮੀ ਤਿਉਹਾਰ ਵਜੋਂ ਮਾਨਤਾ ਮਿਲੀ ਹੋਈ ਹੈ: ਜੇਕਰ ਅਜਿਹਾ ਹੋਵੇ ਤਾਂ ਹਾਲੇ ਤੱਕ ਫਰੀਦਕੋਟ ਨੂੰ ਵਿਰਾਸਤੀ ਗ੍ਰਾਂਟ ਅਤੇ ਵਿਰਾਸਤੀ ਸ਼ਹਿਰ ਦਾ ਦਰਜਾ ਨਾ ਦਿੱਤੇ ਜਾਣ ਦੇ ਕੀ ਕਾਰਨ ਹਨ ਅਤੇ ਇਸ ਮੰਗ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਸਰਦਾਰ ਸੋਹਣ ਸਿੰਘ ਠੰਡਲ :** ਨਹੀਂ ਜੀ, ਬਾਬਾ ਫਰੀਦ ਜੀ ਦੇ ਮੇਲੇ ਨੂੰ ਭਾਰਤ ਸਰਕਾਰ ਵੱਲੋਂ ਸਾਲ 1998 ਤੋਂ ਕੌਮੀ ਵਿਰਾਸਤੀ ਤਿਉਹਾਰ ਵਜੋਂ ਮਾਨਤਾ ਦੇਣ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ ਅਤੇ ਇਸ ਵਿਭਾਗ ਨੂੰ ਕੇਂਦਰ ਸਰਕਾਰ ਤੋਂ ਕੋਈ ਵਿੱਤੀ ਸਹਾਇਤਾ/ਵਿਰਾਸਤੀ ਗ੍ਰਾਂਟ ਪ੍ਰਾਪਤ ਨਹੀਂ ਹੋਈ ਹੈ। ਕਿਸੇ ਸ਼ਹਿਰ ਨੂੰ ਬਤੌਰ ਕੌਮੀ/ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਸਬੰਧੀ ਪੰਜਾਬ ਸਰਕਾਰ ਦੀ ਕੋਈ ਨੀਤੀ ਨਾ ਹੋਣ ਕਾਰਨ ਇਹ ਮੰਗ ਵੀ ਵਿਚਾਰ ਅਧੀਨ ਨਹੀਂ ਹੈ। (....ਵਿਘਨ...ਸ਼ੋਰ...)

**Mr. Speaker :** Please go to your seats. ਮੈਂ ਕਿਹਾ ਜੀ ਰੰਧਾਵਾ ਜੀ, ਆਪਣੀਆਂ ਸੀਟਾਂ ਤੇ ਜਾਉ। ਹੁਣ ਬਾਬਾ ਫਰੀਦ ਜੀ ਦਾ ਕੁਐਸਚਨ ਲੱਗਾ ਹੋਇਆ ਹੈ। ਆਪਣੀਆਂ ਸੀਟਾਂ ਤੇ ਜਾਉ।

**ਸ਼੍ਰੀ ਦੀਪ ਮਲਹੋਤਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਪਿਛਲੀ ਵਾਰ ਵੀ ਐਫ.ਐਮ. ਸਾਹਿਬ ਨੂੰ ਅਪੀਲ ਕੀਤੀ ਸੀ ਕਿ ਬਾਬਾ ਫਰੀਦ ਜੀ ਦੇ ਮੇਲੇ ਵਾਸਤੇ ਗ੍ਰਾਂਟ ਦਿੱਤੀ ਜਾਣੀ ਚਾਹੀਦੀ ਹੈ। ਫਾਈਨਾਂਸ ਮਨਿਸਟਰ ਸਾਹਿਬ ਨੇ ਮੰਨਿਆ ਵੀ ਸੀ ਕਿ ਕੋਈ ਨਾ ਕੋਈ ਚੀਜ਼ ਤੁਹਾਨੂੰ ਪੱਕੇ ਤੌਰ ਤੇ ਗਰਾਂਟ ਕਰਾਂਗੇ। ਮੇਰੀ ਬੇਨਤੀ ਹੈ ਕਿ ਫਰੀਦਕੋਟ ਵਿੱਚ ਬਾਬਾ ਫਰੀਦ ਜੀ ਦੇ ਮੇਲੇ ਨੂੰ ਮਨਾਉਣ ਵਾਸਤੇ ਐਨੁਅਲੀ ਕੋਈ ਨਾ ਕੋਈ ਗ੍ਰਾਂਟ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ। (..ਵਿਘਨ..ਸ਼ੋਰ...)

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ

ਫਰੀਦਕੋਟ ਦੇ ਮੇਲੇ ਵਾਸਤੇ ਸਾਲ 2006-07 ਅਤੇ 2007-08 ਲਈ 3-3 ਲੱਖ ਰੁਪਏ ਦਿੱਤੇ ਗਏ ਸਨ। ਪਿਛਲੇ ਸਾਲ ਵੀ ਇਨ੍ਹਾਂ ਦੇ ਕਹਿਣ ਤੇ ਪੰਜਾਬ ਸਰਕਾਰ ਵੱਲੋਂ 25 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ। (..ਵਿਘਨ..ਸ਼ੋਰ...)

**Mr. Speaker :** Please go to your seats. ... (Interruption..) This is not possible. ...(interruption)... You are one of the most senior members ਤੁਸੀਂ ਉਹ ਮੰਗ ਕਰ ਰਹੇ ਹੋ ਕਿ ਜਿਹੜੀ ਕਿ possible ਹੀ ਨਹੀਂ ਹੈ। ...(Interruption)... Nothing should be recorded without my permission. ਤੁਸੀਂ ਆਪ ਹੀ ਪਾਰਟੀਸੀਪੇਟ ਨਹੀਂ ਕੀਤਾ। ਤੁਸੀਂ ਆਪ ਹੀ ਬਹਿਸ ਨਹੀਂ ਕੀਤੀ। What can I do? ਨਸ਼ਿਆਂ ਦੇ ਉਪਰ ਹੀ ਨੋ-ਕੰਫੀਡੈਂਸ ਮੋਸ਼ਨ ਸੀ।

--------

## ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਸੜਕਾਂ ਦੀ ਮੁਰੰਮਤ ਕਰਨਾ

***1667. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਲੁਧਿਆਣਾ ਡਵੀਜ਼ਨ/ਸਰਕਲ ਵਿੱਚ ਪਿਛਲੇ ਦੋ ਸਾਲਾਂ ਵਿੱਚ ਕਿੰਨੀਆਂ ਸੜਕਾਂ ਮੁਰੰਮਤ ਹੋਈਆਂ ਹਨ; ਉਕਤ ਸੜਕਾਂ ਦੀ ਇੰਸਪੈਕਸ਼ਨ ਕਦੋਂ ਹੋਈ ਸੀ ਅਤੇ ਕਿੰਨੀਆਂ ਸੜਕਾਂ ਸਪੈਸੀਫਿਕੇਸ਼ਨ ਅਨੁਸਾਰ ਸਹੀ ਪਾਈਆਂ ਗਈਆਂ ਹਨ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਲੁਧਿਆਣਾ ਦੇ ਅਧਿਕਾਰ ਖੇਤਰ ਅੰਦਰ ਜ਼ਿਲ੍ਹਾ ਲੁਧਿਆਣਾ ਅਤੇ ਜ਼ਿਲ੍ਹਾ ਮੋਗਾ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਫੇਜ਼-10 ਅਤੇ 11 ਅਧੀਨ ਕੁੱਲ 25 ਸੜਕਾਂ ਦਾ ਕੰਮ ਮੁਕੰਮਲ ਕੀਤਾ ਗਿਆ ਹੈ। ਇਨ੍ਹਾਂ ਵੱਖ-ਵੱਖ ਸੜਕਾਂ ਦੀ ਚੈਕਿੰਗ ਸਬੰਧਿਤ ਜੂਨੀਅਰ ਇੰਜੀਨੀਅਰ/ਉਪ ਮੰਡਲ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ ਵੱਲੋਂ ਨਿਯਮਿਤ ਤੌਰ ਤੇ ਕੀਤੀ ਜਾਂਦੀ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸੜਕਾਂ ਦੀਆਂ ਸਟੇਟ ਕੁਆਲਟੀ ਮੋਨੀਟਰ (SQM) ਵੱਲੋਂ 39 ਇੰਸਪੈਕਸ਼ਨਾਂ ਕੀਤੀਆਂ ਗਈਆਂ ਹਨ ਅਤੇ

[ ਲੋਕ ਨਿਰਮਾਣ (ਭ ਤੇ ਮ ) ਮੰਤਰੀ]

ਲਗਭਗ ਸਾਰੀਆਂ ਸੜਕਾਂ ਦਾ ਮਿਆਰ ਸਪੈਸੀਫਿਕੇਸ਼ਨ ਅਨੁਸਾਰ ਠੀਕ ਪਾਇਆ ਗਿਆ ਹੈ। ਇਸ ਤੋਂ ਇਲਾਵਾ ਨੈਸ਼ਨਲ ਕੁਆਲਟੀ ਮੋਨੀਟਰ (NQM) ਵੱਲੋਂ ਵੀ ਇਨ੍ਹਾਂ ਸੜਕਾਂ ਦੀਆਂ ਵੱਖ-ਵੱਖ ਸਮੇਂ ਦੌਰਾਨ 36 ਇੰਸਪੈਕਸ਼ਨਾਂ ਕੀਤੀਆਂ ਗਈਆਂ ਸਨ ਅਤੇ ਜ਼ਿਲ੍ਹਾ ਮੋਗਾ ਵਿੱਚ ਪੈਂਦੀਆਂ 2 ਸੜਕਾਂ ਤੋਂ ਇਲਾਵਾ ਬਾਕੀ ਸਾਰੀਆਂ ਸੜਕਾਂ ਦਾ ਮਿਆਰ ਠੀਕ ਪਾਇਆ ਗਿਆ ਹੈ। ਇਨ੍ਹਾਂ 2 ਸੜਕਾਂ ਦੀਆਂ ਊਣਤਾਈਆਂ ਵੀ ਠੀਕ ਕਰਨ ਉਪਰੰਤ ਸਟੇਟ ਰੂਰਲ ਰੋਡ ਡਿਵੈਲਪਮੈਂਟ ਏਜੰਸੀ (SRRDA) ਨੂੰ ਸੂਚਿਤ ਕਰ ਦਿੱਤਾ ਗਿਆ ਹੈ। (..ਵਿਘਨ..ਸ਼ੋਰ...)

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਮੈਨੂੰ ਇਹੋ ਖਦਸ਼ਾ ਹੈ ਕਿ ਜਿਹੜੇ ਅਫਸਰ ਸਾਹਿਬਾਨ ਨੇ ਮੰਤਰੀ ਜੀ ਨੂੰ ਜਵਾਬ ਭੇਜਿਆ ਹੈ, ਮੈਂ ਉਸ ਨਾਲ ਮੁਤਫਿਕ ਨਹੀਂ ਹਾਂ, ਉਹ ਗਲਤ ਹੈ। ਦੂਸਰੀ, ਮੈਂ ਬੇਨਤੀ ਕਰਦਾ ਹਾਂ ਕਿ ਮੈਂ ਰਾਈਟ-ਟੂ-ਇਨਫਰਮੇਸ਼ਨ ਐਕਟ ਦੇ ਤਹਿਤ ਸਾਰੀ ਇਨਫਰਮੇਸ਼ਨ ਇਨ੍ਹਾਂ ਨੂੰ ਪ੍ਰੋਵਾਈਡ ਕਰਾਂਗਾ। ਮੇਰੀ ਬੇਨਤੀ ਹੈ ਕਿ ਜਿਹੜੀਆਂ ਸੜਕਾਂ ਗਲਤ ਪਾਈਆਂ ਗਈਆਂ ਹਨ, ਇਹ ਵਜ਼ੀਰ ਹਨ, ਜ਼ਿਆਦਾ ਜਾਣਦੇ ਹਨ, ਇਨ੍ਹਾਂ ਕੋਲ ਸੀਨੀਅਰ ਅਫਸਰ ਹੁੰਦੇ ਹਨ। ਜਿਹੜੀ ਸੜਕ ਇਕ ਵਾਰੀ ਗਲਤ ਬਣ ਗਈ, ਜਿੰਨਾ ਚਿਰ ਉਸ ਸਾਰੀ ਉਤੇ ਦੁਬਾਰਾ ਪ੍ਰੀਮਿਕਸ ਨਹੀਂ ਪੈਂਦੀ ਤਾਂ ਉਹ ਗੱਲ ਨਹੀਂ ਬਣ ਸਕਦੀ। ਨਹੀਂ ਤਾਂ ਫਿਰ ਤਾਂ ਇਹ ਪੈਂਚਰ ਲਾਉਣ ਵਾਲੀ ਗੱਲ ਹੈ। ਜੇਕਰ ਪੈਚ ਵਰਕ ਹੋ ਗਿਆ ਤਾਂ ਉਹ ਗੱਲ ਨਹੀਂ ਬਣ ਸਕਦੀ। ਮੇਰੀ ਗੁਜਾਰਿਸ਼ ਹੈ ਕਿ ਸਰਕਾਰ ਉਨ੍ਹਾਂ ਅਫਸਰਾਂ ਅਤੇ ਠੇਕੇਦਾਰਾਂ ਖਿਲਾਫ ਕੀ ਐਕਸ਼ਨ ਲੈ ਰਹੀ ਹੈ ?

**ਮੰਤਰੀ :** ਸਪੀਕਰ ਸਾਹਿਬ, ਮੈਂ ਸਾਰਾ ਕੁਝ ਦੱਸ ਦਿੱਤਾ ਹੈ । ਜੇ ਆਨਰੇਬਲ ਮੈਂਬਰ ਸਾਹਿਬ ਨੂੰ ਕਿਤੇ ਕੋਈ ਲੱਗਦਾ ਹੈ ਕਿ ਸਪੈਸੀਫਿਕੇਸ਼ਨਾਂ ਮੁਤਾਬਕ ਕੋਈ ਸੜਕ ਠੀਕ ਨਹੀਂ ਬਣੀ ਤਾਂ ਉਹ ਮੈਨੂੰ ਲਿਖ ਕੇ ਦੇ ਦੇਣ, ਮੈਂ ਇਨਕੁਆਇਰੀ ਕਰਵਾ ਲੈਂਦਾ ਹਾਂ।

---

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਸਮੂਹ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

---

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

## ਨਿਸ਼ਾਨ ਵਾਲਾ ਪ੍ਰਸ਼ਨ ਨੰ. 1727

**ਮਾਨਯੋਗ ਸਪੀਕਰ :** ਇਹ ਮੋਫਰ ਸਾਹਿਬ ਦਾ ਪ੍ਰਸ਼ਨ ਹੈ । ...(ਵਿਘਨ)...(ਸ਼ੋਰ)... ਵੜਿੰਗ ਸਾਹਿਬ, ਇਹ ਮੋਫਰ ਸਾਹਿਬ ਦਾ ਕੁਐਸਚਨ ਹੈ । ...(ਵਿਘਨ)...(ਸ਼ੋਰ)...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਰਸ ਪਾਰਟੀ ਦੇ ਮੈਂਬਰ ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਆਪਣੇ ਪਾਰਟੀ ਮੈਂਬਰ ਸਾਹਿਬਾਨ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

## ਨਿਸ਼ਾਨ ਵਾਲਾ ਪ੍ਰਸ਼ਨ ਨੰ. 1703

**ਮਾਨਯੋਗ ਸਪੀਕਰ :** ਸ਼੍ਰੀ ਤਰਲੋਚਨ ਸਿੰਘ ਜੀ । ਤਰਲੋਚਨ ਜੀ, ਇਹ ਤੁਹਾਡਾ ਕੁਐਸਚਨ ਹੈ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਤਰਲੋਚਨ ਸਿੰਘ, ਆਪਣੇ ਪਾਰਟੀ ਮੈਂਬਰ ਸਾਹਿਬਾਨ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਮੇਰੀ ਰਿਕੁਐਸਟ ਹੈ ਕਿ ਤੁਸੀਂ ਸੀਟਾਂ ਤੇ ਜਾ ਕੇ ਬੈਠੋ । ਬਹੁਤ ਸਮਾਂ ਹੋ ਗਿਆ ਹੈ। ...(ਵਿਘਨ)... (ਸ਼ੋਰ)... ਮੈਂ ਕਿਹਾ ਹੈ ਕਿ ਸੀਟਾਂ ਤੇ ਹੁਣ ਚੱਲੋ ।ਆਪਣੀਆਂ ਸੀਟਾਂ ਤੇ ਚੱਲੋ ।

------------

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

## ਪੀੜ੍ਹਤ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦੇਣਾ

***1665. ਸਰਦਾਰ ਹਰਪ੍ਰੀਤ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਮੰਡੀ ਬੋਰਡ ਖੇਤੀਬਾੜੀ ਹਾਦਸਿਆਂ ਦੌਰਾਨ ਪੀੜਤ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਦੇ ਅੰਗਹੀਣ ਹੋ ਜਾਣ ਜਾਂ ਮੌਤ ਹੋ ਜਾਣ ਦੀ ਸੂਰਤ ਵਿੱਚ ਕੋਈ ਮੁਆਵਜ਼ਾ ਦਿੰਦਾ ਹੈ; ਜੇਕਰ ਦਿੰਦਾ ਹੈ ਤਾਂ ਸਾਲ 2013-14 ਦੌਰਾਨ ਦਿੱਤੇ ਗਏ ਮੁਆਵਜ਼ੇ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ।

**ਸਰਦਾਰ ਤੋਤਾ ਸਿੰਘ :** ਜੀ ਹਾਂ, ਸਾਲ 2013-14 ਦੌਰਾਨ ਦਿੱਤੇ ਗਏ ਮੁਆਵਜ਼ੇ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ-ੳ ਵਿੱਚ ਦਿੱਤਾ ਗਿਆ ਹੈ।

### ਅਨੁਲੱਗ-ੳ

| ਲੜੀ ਨੰ: | ਜ਼ਿਲ੍ਹਾ | ਮੌਤ ਦੇ ਕੇਸਾਂ ਵਿੱਚ ਦਿੱਤੀ ਗਈ ਕੁੱਲ ਰਕਮ | ਅੰਗਹੀਣ ਵਿਅਕਤੀਆਂ ਨੂੰ ਦਿੱਤੀ ਕੁੱਲ ਰਕਮ |
|---|---|---|---|
| 1. | ਹੁਸ਼ਿਆਰਪੁਰ | 15,00,000 | 5,40,000 |
| 2. | ਐਸ.ਏ.ਐਸ.ਨਗਰ | 4,50,000 | 9,50,000 |
| 3. | ਰੂਪਨਗਰ | 10,00,000 | 5,50,000 |
| 4. | ਸ੍ਰੀ ਫਤਿਹਗੜ੍ਹ ਸਾਹਿਬ | 21,00,000 | 11,80,000 |
| 5. | ਸ੍ਰੀ ਮੁਕਤਸਰ ਸਾਹਿਬ | 1,14,00,000 | 21,00,000 |
| 6. | ਫਰੀਦਕੋਟ | 41,00,000 | 17,10,000 |
| 7. | ਬਰਨਾਲਾ | 22,00,000 | 6,95,000 |
| 8. | ਤਰਨਤਾਰਨ | 34,00,000 | 12,50,000 |
| 9. | ਬਠਿੰਡਾ | 87,15,000 | 21,10,000 |
| 10. | ਲੁਧਿਆਣਾ | 33,00,000 | 12,46,500 |
| 11. | ਗੁਰਦਾਸਪੁਰ | 28,75,000 | 11,18,000 |
| 12. | ਪਠਾਨਕੋਟ | 5,00,000 | 1,00,000 |
| 13. | ਮੋਗਾ | 31,00,000 | 4,90,000 |

| | | | |
|---|---|---|---|
| 14. | ਸ਼ਹੀਦ ਭਗਤ ਸਿੰਘ ਨਗਰ | 6,00,000 | 5,30,000 |
| 15. | ਮਾਨਸਾ | 40,00,000 | 9,00,000 |
| 16. | ਜਲੰਧਰ | 11,00,000 | 7,30,000 |
| 17. | ਅੰਮ੍ਰਿਤਸਰ | 33,30,000 | 17,50,000 |
| 18. | ਕਪੂਰਥਲਾ | 14,70,000 | 4,50,000 |
| 19. | ਫਿਰੋਜ਼ਪੁਰ | 67,00,000 | 10,20,000 |
| 20. | ਫਾਜ਼ਿਲਕਾ | 8,00,000 | 9,45,000 |
| 21. | ਸੰਗਰੂਰ | 85,75,000 | 23,50,000 |
| 22. | ਪਟਿਆਲਾ | 25,00,000 | 14,60,000 |
| | **ਕੁੱਲ ਜੋੜ** | **7,37,15,000** | **2,41,74,500** |

**ਸਰਦਾਰ ਹਰਪ੍ਰੀਤ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਮੈਂ ਸਵਾਲ ਦਿੱਤਾ ਸੀ, ਉਸ ਵਿੱਚ ਥੋੜ੍ਹੀ ਜਿਹੀ ਕਮੀ ਰਹਿ ਗਈ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਮੌਤ ਹੋ ਜਾਣ ਦੀ ਸੂਰਤ ਵਿੱਚ ਸਰਕਾਰ ਵੱਲੋਂ ਕਿੰਨਾ ਮੁਆਵਜ਼ਾ ਦਿੱਤਾ ਜਾਂਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਸੀਟਾਂ ਤੇ ਬੈਠ ਜਾਓ। What can I do?

**ਮੰਤਰੀ:** ਸਪੀਕਰ ਸਾਹਿਬ, ਭਾਵੇਂ ਮਾਨਯੋਗ ਮੈਂਬਰ ਸਾਹਿਬ ਨੇ ਨਹੀਂ ਪੁੱਛਿਆ ਪਰ ਫਿਰ ਵੀ ਮੈਂ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਜੇ ਖੇਤੀ ਦਾ ਕੰਮ ਕਰਦਿਆਂ ਅਚਾਨਕ ਮੌਤ ਹੋ ਜਾਵੇ ਤਾਂ ਦੋ ਲੱਖ ਰੁਪਿਆ ਮੌਤ ਉਪਰੰਤ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਜੇ ਦੋ ਅੰਗ ਕੱਟੇ ਜਾਣ ਤਾਂ ਸੱਠ ਹਜ਼ਾਰ ਰੁਪਿਆ ਦਿੱਤਾ ਜਾਂਦਾ ਹੈ । ਇੱਕ ਅੰਗ ਕੱਟੇ ਜਾਣ ਤੇ ਚਾਲੀ ਹਜ਼ਾਰ ਰੁਪਿਆ ਦਿੱਤਾ ਜਾਂਦਾ ਹੈ ।

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

**ਸਰਦਾਰ ਹਰਪ੍ਰੀਤ ਸਿੰਘ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਪਰ ਨਾਲ ਹੀ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜਕੱਲ੍ਹ ਮਹਿੰਗਾਈ ਦਾ ਯੁੱਗ ਚੱਲ ਰਿਹਾ ਹੈ । ਇਸ ਕਰਕੇ ਮਹਿੰਗਾਈ ਨੂੰ ਵੇਖਦੇ ਹੋਏ ਅੰਗਹੀਣ ਹੋ ਜਾਣ ਦੀ ਸੂਰਤ ਵਿੱਚ ਵੀ ਅਤੇ ਮੌਤ ਹੋ ਜਾਣ ਦੀ ਸੂਰਤ ਵਿੱਚ ਵੀ ਇਸ ਵਿੱਚ ਵਾਧਾ ਕੀਤਾ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਹ ਵਾਧਾ ਕਰ ਦਿੱਤਾ ਜਾਵੇਗਾ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, 1985 ਵਿੱਚ ਜਦੋਂ ਮੈਂ ਮੰਡੀ ਬੋਰਡ ਦਾ ਚੇਅਰਮੈਨ ਬਣਿਆ ਸੀ, ਉਦੋਂ ਇਹ ਪਰੰਪਰਾ ਲਾਗੂ ਕੀਤੀ ਗਈ ਸੀ। ਉਸ ਸਮੇਂ ਮੌਤ ਹੋਣ ਦੀ ਸੂਰਤ ਵਿੱਚ 35000 ਰੁਪਿਆ ਦਿੱਤਾ ਜਾਂਦਾ ਸੀ। ਮੁੜ ਕੇ ਇਹ-ਇੱਕ ਲੱਖ ਰੁਪਿਆ ਕੀਤਾ ਤੇ ਸਾਲ 2011 ਵਿੱਚ ਦੋ ਲੱਖ ਰੁਪਿਆ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਵਾਜਬ ਹੈ।..(ਵਿਘਨ..ਸ਼ੋਰ..)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. : 1710**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. : 1707**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀਮਤੀ ਰਜਿੰਦਰ ਕੌਰ ਭੱਠਲ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

## ਲੁਧਿਆਣਾ ਸ਼ਹਿਰ ਦੇ ਨਾਲ ਲਗਦੇ ਪਿੰਡਾਂ ਵਿਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ

*1675. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਦੇ

ਨਾਲ ਲਗਦੇ ਪਿੰਡਾਂ ਵਿਚ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵਲੋਂ ਹੁਣ ਤੱਕ ਕੀ ਉਪਰਾਲੇ ਕੀਤੇ ਗਏ ਹਨ ਅਤੇ ਇਨ੍ਹਾਂ ਪਿੰਡਾਂ ਨੂੰ ਕਦੋਂ ਤੱਕ ਪਾਣੀ ਮੁਹੱਈਆ ਕਰਵਾ ਦਿੱਤਾ ਜਾਵੇਗਾ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਹਲਕਾ ਗਿੱਲ ਵਿਚ ਲੁਧਿਆਣਾ ਸ਼ਹਿਰ ਦੇ ਨਾਲ 18 ਮੇਨ ਹੈਬੀਟੇਸ਼ਨਾਂ ਅਤੇ 32 ਅਦਰ ਹੈਬੀਟੇਸ਼ਨਾਂ ਪੈਂਦੀਆਂ ਹਨ। 18 ਮੇਨ ਹੈਬੀਟੇਸ਼ਨਾਂ ਵਿਚੋਂ 14 ਹੈਬੀਟੇਸ਼ਨਾਂ ਫੁੱਲੀ ਕਵਰਡ ਹਨ ਅਤੇ 4 ਹੈਬੀਟੇਸ਼ਨਾਂ ਪਾਰਸ਼ਲੀ ਕਵਰਡ ਹਨ। ਇਨ੍ਹਾਂ ਪਾਰਸ਼ਲੀ ਕਵਰਡ ਹੈਬੀਟੇਸ਼ਨਾਂ ਨੂੰ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਣ ਵਾਲੇ ਪੰਜਾਬ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ-2 ਤਹਿਤ ਕਵਰ ਕਰਨ ਦੀ ਤਜਵੀਜ਼ ਹੈ। 32 ਅਦਰ ਹੈਬੀਟੇਸ਼ਨਾਂ ਵਿਚੋਂ 12 ਹੈਬੀਟੇਸ਼ਨਾਂ ਪਾਈਪਡ ਵਾਟਰ ਸਪਲਾਈ ਅਤੇ ਫੁੱਲੀ ਕਵਰਡ ਹਨ ਅਤੇ 3 ਹੈਬੀਟੇਸ਼ਨਾਂ ਵਿਚ ਹੈਂਡ ਪੰਪ ਲਗਾ ਕੇ ਫੁੱਲੀ ਕਵਰਡ ਕੀਤਾ ਗਿਆ ਹੈ। 3 ਅਦਰ ਹੈਬੀਟੇਸ਼ਨਾਂ ਵਿਚ ਪ੍ਰਾਈਵੇਟ ਕਾਲੋਨਾਈਜ਼ਰ ਵੱਲੋਂ ਵਾਟਰ ਸਪਲਾਈ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ 14 ਅਦਰ ਹੈਬੀਟੇਸ਼ਨਾਂ ਨੂੰ ਐਨ.ਆਰ.ਡੀ.ਡਬਲਯੂ.ਪੀ. ਅਤੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਣ ਵਾਲੇ ਪੰਜਾਬ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ-2 ਤਹਿਤ 2015-16 ਦੌਰਾਨ ਕਵਰ ਕਰਨ ਦੀ ਤਜਵੀਜ਼ ਹੈ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੁਧਿਆਣਾ ਸ਼ਹਿਰ ਦੇ ਨਾਲ ਲਗਦੇ ਪਿੰਡ ਹਨ, ਜਿਨ੍ਹਾਂ ਦੀਆਂ ਆਬਾਦੀਆਂ 5000 ਤੋਂ ਲੈ ਕੇ 7000 ਤੱਕ ਹਨ, ਪਿਛਲੇ ਪੰਜਾਹ ਸਾਲਾਂ ਤੋਂ ਇਨ੍ਹਾਂ ਨੂੰ ਸਾਫ ਪਾਣੀ ਪੀਣ ਨੂੰ ਨਹੀਂ ਮਿਲ ਰਿਹਾ।ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਇਨ੍ਹਾਂ ਨੂੰ ਪਿਛਲੇ ਪੰਜ ਸਾਲਾਂ ਵਿੱਚ ਬਹੁਤ ਵੱਡੀਆਂ ਗਰਾਂਟਾਂ ਦਿੱਤੀਆਂ ਹਨ, ਇਨ੍ਹਾਂ ਨੂੰ ਪਿੰਡਾਂ ਦਾ ਰੂਪ ਦਿੱਤਾ ਹੈ ਤਾਂ ਜੋ ਇਨ੍ਹਾਂ ਦਾ ਵਿਕਾਸ ਕੀਤਾ ਜਾ ਸਕੇ। ਇਨ੍ਹਾਂ ਪਿੰਡਾਂ ਦੇ ਵਿੱਚ ਪੀਣ ਵਾਲਾ ਸਾਫ ਪਾਣੀ ਨਹੀਂ ਹੈ। ਲੋਕਾਂ ਨੇ ਜਿਥੇ ਸੈਪਟਿਕ ਟੈਂਕ ਬਣਾਏ, ਉਸ ਦੇ ਨਾਲ ਨਲਕੇ ਲਗਾਏ ਹੋਏ ਹਨ।(..ਵਿਘਨ...ਸ਼ੋਰ..) ਪਿਛਲੀ ਵਾਰੀ ਮੰਤਰੀ ਜੀ ਨੇ ਵਿਸ਼ਵਾਸ ਵੀ ਦਿਵਾਇਆ ਸੀ ਕਿ ਇਨ੍ਹਾਂ ਪਿੰਡਾਂ ਵਿੱਚ ਅਸੀਂ ਟਿਊਬਵੈਲ ਲਗਾਉਣ ਨੂੰ ਤਿਆਰ ਹਾਂ ਪਰ ਜਗ੍ਹਾ ਨਹੀਂ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਦੇ ਆਸ਼ੀਰਵਾਦ

[ ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ ]

ਨਾਲ ਅਸੀਂ ਜਗ੍ਹਾ ਦਾ ਇੰਤਜ਼ਾਮ ਵੀ ਕਰ ਦਿੱਤਾ ਹੈ। ਅਸੀਂ 1000 ਗਜ਼ ਜਗ੍ਹਾ ਲੈ ਕੇ ਦਿੱਤੀ ਹੈ ਜੀ। ਹੁਣ ਮੰਤਰੀ ਜੀ ਵਿਸ਼ਵਾਸ ਦਿਵਾਉਣ ਕਿ ਕਿੰਨੀ ਦੇਰ ਵਿੱਚ ਇਹ ਕੰਮ ਸ਼ੁਰੂ ਹੋਵੇਗਾ। ਮਸਲਾ ਤਾਂ ਲੋਕਾਂ ਨੂੰ ਪਾਣੀ ਦੇਣ ਦਾ ਹੈ। ਮਹਿਕਮੇ ਨੇ ਬੜਾ ਲੰਬਾ ਚੌੜਾ ਜਵਾਬ ਦਿੱਤਾ ਹੈ, ਇਸ ਨਾਲ ਇਸ ਗੱਲ ਦਾ ਕੋਈ ਮੂੰਹ ਸਿਰ ਬਣਦਾ ਨਹੀਂ ਹੈ।

**ਮਾਨਯੋਗ ਸਪੀਕਰ :** ਕਦੋਂ ਤੱਕ ਕੰਮ ਸ਼ੁਰੂ ਹੋਵੇਗਾ?

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਗ੍ਹਾ ਦਾ ਇੰਤਜ਼ਾਮ ਕਰ ਦਿੱਤਾ ਹੈ। ਹੁਣ ਸਾਡਾ ਦੂਜਾ ਵਰਲਡ ਬੈਂਕ ਦਾ ਪ੍ਰੋਜੈਕਟ ਹੈ, ਉਸ ਦੇ ਤਹਿਤ ਲੈ ਕੇ ਇਨ੍ਹਾਂ ਦਾ ਕੰਮ ਕਰਵਾ ਦਿੱਤਾ ਜਾਵੇਗਾ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਹ ਵਿਸ਼ਵਾਸ ਦਿਵਾਉਣ ਕਿ ਕੰਮ ਕਿੰਨੀ ਦੇਰ ਤੱਕ ਸ਼ੁਰੂ ਹੋਵੇਗਾ। ਸਾਢੇ ਸੱਤ ਸਾਲ ਤਾਂ ਇਹੀ ਰੌਲਾ ਪਾਉਂਦਿਆਂ ਨੂੰ ਹੋ ਗਏ ਹਨ।

**ਮਾਨਯੋਗ ਸਪੀਕਰ :** ਕੰਮ ਕਦੋਂ ਤੱਕ ਕੰਪਲੀਟ ਹੋ ਜਾਵੇਗਾ?

**ਮੰਤਰੀ :** ਪ੍ਰੋਜੈਕਟ ਸ਼ੁਰੂ ਹੋ ਜਾਵੇਗਾ ਤਾਂ ਉਸ ਤੋਂ ਬਾਅਦ ਕਰ ਦੇਵਾਂਗੇ ਜੀ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਾਰੇ ਮੈਂਬਰ ਅਤੇ ਆਜ਼ਾਦ ਮੈਂਬਰ, ਸ਼੍ਰੀ ਰਜਨੀਸ਼ ਕੁਮਾਰ ਸਦਨ ਦੇ ਵੈੱਲ ਵਿੱਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ ਅਤੇ ਕਹਿ ਰਹੇ ਸਨ ਕਿ ਸਾਨੂੰ ਸਸਪੈਂਡ ਕਰ ਦਿਉ।)

**ਮਾਨਯੋਗ ਸਪੀਕਰ :** ਨਹੀਂ, ਨਹੀਂ ਇਹ ਨਹੀਂ ਕਰਨਾ। ਇਹ ਤੁਹਾਡੀ ਆਪਣੀ ਮੰਗ ਹੈ, ਲਿਖ ਕੇ ਦੇ ਦਿਉ। ਨਹੀਂ, ਇਹ ਕਰਨਾ ਨਹੀਂ। ਨਹੀਂ, ਤੁਸੀਂ ਲਿਖ ਕੇ ਦੇ ਦਿਉ, ਮੈਂ ਸਸਪੈਂਡ ਕਰਨ ਲਈ ਕਹਿ ਦਿੰਦਾ ਹਾਂ। ...(ਵਿਘਨ..ਸ਼ੋਰ)... ਨਹੀਂ ਜੀ, ਅਸੀਂ ਸਸਪੈਂਡ ਨਹੀਂ ਕਰਨਾ। ਮੈਂ ਵੀ ਇਹ ਨਹੀਂ ਲੈਣਾ ਚਾਹੁੰਦਾ ਕਿ ਸਾਰੀ ਆਪੋਜ਼ੀਸ਼ਨ ਨੂੰ ਸਸਪੈਂਡ ਕਰ ਦਿੱਤਾ, ਇਸ ਕਰਕੇ ਨਹੀਂ। ਬੈਟਰ ਇਹ ਹੈ ਕਿ ਤੁਸੀਂ ਬੈਠੋ। ...(ਵਿਘਨ.. ਸ਼ੋਰ)...

---

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।

(ਇਸ ਸਮੇਂ ਸਦਨ ਦੀ ਵੈੱਲ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਵਾਚ ਐਂਡ ਸਟਾਫ ਨਾਲ ਧੱਕਾ-ਮੁੱਕੀ ਕਰ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ.: 1722**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀਮਤੀ ਅਰੁਨਾ ਚੌਧਰੀ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1704**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਤਰਲੋਚਨ ਸਿੰਘ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ.: 1666***

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

**WALK-OUT**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ** ** ਨਾਅਰੇ ਲਗਾਉਂਦੇ ਹੋਏ, ਜੋ ਕਿ ਰਿਕਾਰਡ ਨਹੀਂ ਕੀਤੇ ਗਏ, ਸਦਨ ਵਿੱਚੋਂ ਵਾਕ ਆਊਟ ਕਰ ਗਏ।)

**ਚੇਅਰ ਦੇ ਹੁਕਮਾਂ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ।
**ਨਿਸ਼ਾਨ ਵਾਲਾ ਪ੍ਰਸ਼ਨ ਨੰ: 1666 ਤੇ ਇਸ ਦਾ ਉੱਤਰ ਡਿਬੇਟ ਦੇ ਅਪੈਡਿਕਸ ਵਿੱਚ ਵੇਖੋ।

## STARRED QUESTIONS AND ANSWERS
## *(RESUMPTION)*

### ਜ਼ਿਲ੍ਹਾ ਫਿਰੋਜ਼ਪੁਰ ਵਿਚ ਮੱਲਾਂ ਵਾਲਾ ਵਿਖੇ ਸੀਵਰੇਜ ਪਾਉਣਾ

*1671. **ਸਰਦਾਰ ਹਰੀ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਸਬਾ ਮੱਲਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸੀਵਰੇਜ ਪਾਉਣ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰਕੇ ਚਾਲੂ ਕਰ ਦਿੱਤਾ ਜਾਵੇਗਾ?

**ਸ਼੍ਰੀ ਅਨਿਲ ਜੋਸ਼ੀ :** ਕਸਬਾ ਮੱਲਾਂ ਵਾਲਾ ਵਿਖੇ ਸੀਵਰੇਜ ਪਾਉਣ ਦਾ ਕੰਮ ਅਜੇ ਸ਼ੁਰੂ ਨਹੀਂ ਕੀਤਾ ਗਿਆ।

**ਸਰਦਾਰ ਹਰੀ ਸਿੰਘ :** ਸਪੀਕਰ ਸਾਹਿਬ, ਨੀਂਹ ਪੱਥਰ ਰੱਖਿਆ ਹੋਇਆ ਹੈ, ਇਹ ਕਦੋਂ ਤੱਕ ਸ਼ੁਰੂ ਕਰਨਗੇ ਜੀ?

**ਮੰਤਰੀ :** ਸਪੀਕਰ ਸਾਹਿਬ, ਇਹ ਵੀ ਸੇਮ ਹੀ ਹੈ ਜੀ। ਕਸਬੇ ਦੀ 100 ਪ੍ਰਤੀਸ਼ਤ ਆਬਾਦੀ ਨੂੰ 100 ਪ੍ਰਤੀਸ਼ਤ ਸੀਵਰੇਜ ਦੀ ਸਹੂਲਤ ਦੇਣ ਵਾਸਤੇ 29.49 ਕਰੋੜ ਰੁਪਏ ਦੀ ਲਾਗਤ ਨਾਲ ਡਿਟੇਲ ਪ੍ਰੋਜੈਕਟ ਰਿਪੋਰਟ ਬਣਾਈ ਸੀ। ਸਰ, ਇਹ ਸਕੀਮ ਵੀ ਸਰਕਾਰ ਨੂੰ UIDSSMP ਸਕੀਮ ਅਧੀਨ ਪ੍ਰਵਾਨਗੀ ਹਿਤ ਭੇਜੀ ਗਈ ਸੀ, ਪ੍ਰੰਤੂ ਚੋਣ ਜ਼ਾਬਤਾ ਲੱਗ ਜਾਣ ਕਾਰਨ ਸਿਰੇ ਨਹੀਂ ਚੜ੍ਹ ਸਕੀ ਅਤੇ ਸਰਕਾਰ ਵੱਲੋਂ ਸੈਂਟਰ ਸਰਕਾਰ ਵੱਲੋਂ ਸਕੀਮ ਵਾਪਸ ਲੈ ਲਈ ਗਈ। ਜਦੋਂ ਵੀ ਸਕੀਮ ਸ਼ੁਰੂ ਹੋਵੇਗੀ, ਉਦੋਂ ਇਹ ਵੀ ਭੇਜ ਕੇ ਸ਼ੁਰੂ ਕਰਵਾ ਦੇਵਾਂਗੇ ਜੀ।

---------------

### ਨਿਸ਼ਾਨ ਵਾਲਾ ਪ੍ਰਸ਼ਨ ਨੰ.: 1708

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

------------

### ਪਿੰਡ ਬਾੜੇਵਾਲ ਵਿਚ ਸ਼ਮਸ਼ਾਨਘਾਟ ਦੀ ਰਿਪੇਅਰ ਕਰਨਾ

*1672. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਗਿੱਲ ਵਿਚ ਪੈਂਦੇ ਪਿੰਡ ਬਾੜੇਵਾਲ (ਵਾਰਡ ਨੰ: 58 ਨਗਰ ਨਿਗਮ ਲੁਧਿਆਣਾ) ਦੇ ਸ਼ਮਸ਼ਾਨਘਾਟ ਦੀ

ਰਿਪੇਅਰ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ਼੍ਰੀ ਅਨਿਲ ਜੋਸ਼ੀ :** ਨਹੀਂ ਜੀ, ਇਸ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਹਲਕਾ ਗਿੱਲ ਵਿੱਚ ਪੈਂਦੇ ਪਿੰਡ ਬਾੜੇਵਾਲ ਵਾਰਡ ਨੰ: 58 ਨਗਰ ਨਿਗਮ, ਲੁਧਿਆਣਾ ਦੇ ਸ਼ਮਸ਼ਾਨਘਾਟ ਦੀ ਰਿਪੇਅਰ ਕਰਨ ਲਈ ਕੋਈ ਵੀ ਤਖਮੀਨਾ/ਤਜਵੀਜ਼ ਅਜੇ ਤਿਆਰ ਨਹੀਂ ਕੀਤੀ ਗਈ ਹੈ। ਜੇਕਰ ਏਰੀਏ ਦੇ ਕੌਂਸਲਰ ਇਸ ਬਾਰੇ ਰਿਪੇਅਰ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਦੀ ਮੰਗ ਅਨੁਸਾਰ ਸ਼ਮਸ਼ਾਨਘਾਟ ਦੀ ਲੋੜੀਂਦੀ ਰਿਪੇਅਰ ਕਰਨ ਦਾ ਤਖਮੀਨਾ ਬਣਾ ਕੇ ਨਗਰ ਨਿਗਮ, ਲੁਧਿਆਣਾ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਲੋੜੀਂਦੀ ਪ੍ਰਵਾਨਗੀ ਹਿੱਤ ਭੇਜ ਦਿੱਤਾ ਜਾਵੇਗਾ ਜੀ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਨ੍ਹਾਂ ਨੇ ਵਾਰਡ ਨੰ: 58 ਗਿੱਲ ਹਲਕਾ ਨਾਲ ਗਲਤ ਲਿਖ ਦਿੱਤਾ ਗਿਆ ਹੈ । ਮੇਰੇ ਸਵਾਲ ਵਿੱਚ ਇਹ ਨਹੀਂ ਲਿਖਿਆ ਸੀ। ਸੋ, ਜਿਹੜਾ ਬਾੜੇਵਾਲ ਦਾ ਵਾਰਡ ਨੰ: 58 ਹੈ, ਇਸ ਦੀਆਂ ਸੜਕਾਂ ਬਾਰੇ ਮੈਂ ਲਿਖਿਆ ਸੀ, ਉਥੇ ਤਕਰੀਬਨ ਦੋ-ਢਾਈ ਸਾਲ ਤੋਂ ਪੱਥਰ ਖਿੰਡਿਆ ਪਿਆ ਹੈ। ਜਿਹੜੀ ਸ਼ਮਸ਼ਾਨਘਾਟ ਨੂੰ ਜਾਣ ਵਾਲੀ ਸੜਕ ਹੈ, ਉਹ ਸਾਰੀ ਟੁੱਟੀ ਪਈ ਹੈ। ਸਪੀਕਰ ਸਾਹਿਬ, ਇਸ ਪਿੰਡ ਨੇ 100 ਏਕੜ ਜ਼ਮੀਨ ਕਾਰਪੋਰੇਸ਼ਨ ਨੂੰ ਮੁਫਤ ਦਿੱਤੀ ਹੈ। ਸੋ, ਉਸ ਦੇ ਬਾਵਜੂਦ ਵੀ ਉਥੇ ਵਿਕਾਸ ਦਾ ਕੰਮ ਨਹੀਂ ਹੋ ਰਿਹਾ। ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਵੀ ਉਥੇ ਜਾ ਕੇ ਮੌਕਾ ਵੇਖ ਕੇ ਆਈ ਹੈ, ਜਿੰਨਾ ਕੰਮ ਹੋਇਆ ਹੈ ਜਾਂ ਟਾਈਲਾਂ ਲੱਗੀਆਂ ਹਨ, ਉਹ ਟੁੱਟੀਆਂ ਪਈਆਂ ਹਨ। ਸੀਵਰੇਜ ਦਾ ਕੰਮ ਹਾਲੇ ਤੱਕ ਪੂਰਾ ਨਹੀਂ ਹੋਇਆ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ 100 ਏਕੜ ਜ਼ਮੀਨ ਪਿੰਡ ਨੇ ਕਾਰਪੋਰੇਸ਼ਨ ਨੂੰ ਮੁਫਤ ਦਿੱਤੀ ਹੈ ਔਰ ਉਸ ਦੇ ਬਾਵਜੂਦ ਵੀ ਉਸ ਪਿੰਡ ਦੇ ਵਿਕਾਸ ਦਾ ਕੰਮ ਨਾ ਹੋਵੇ। ਸੋ, 225 ਏਕੜ ਸਕੀਮ ਦੇ ਵਿਚ ਲੁੱਕ ਪੈਣੀ ਸੀ। ਸਾਡੇ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਹੁਰਾਂ ਨੇ ਪਿਛਲੀ ਸਰਕਾਰ ਵਿੱਚ 26 ਕਰੋੜ 66 ਲੱਖ ਰੁਪਿਆ ਇਸ ਵਾਰਡ ਦੇ ਵਿਕਾਸ ਵਾਸਤੇ ਦਿੱਤਾ ਸੀ ਲੇਕਿਨ ਉਹ ਲੁੱਕ ਕਾਗਜ਼ਾਂ ਵਿਚ ਹੀ ਪੈ ਗਈ, ਮੌਕੇ ਤੇ ਕੋਈ ਲੁੱਕ ਨਹੀਂ ਪਾਈ ਗਈ, ਵਿਧਾਨ ਸਭਾ ਦੀ ਕਮੇਟੀ ਉਹ ਮੌਕਾ ਵੀ ਵੇਖ ਕੇ ਆਈ ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸੋ, ਇਸ ਦੀ ਸਾਰੀ ਇਨਕੁਆਰੀ ਹੋਣੀ ਚਾਹੀਦੀ ਹੈ ਤੇ ਜਿਹੜਾ ਡੇਢ- ਦੋ ਸਾਲ ਤੋਂ ਪੱਥਰ ਖਿੰਡਿਆ ਪਿਆ ਹੈ, ਉਸ ਦੀਆਂ ਸੜਕਾਂ ਬਣਨੀਆਂ ਚਾਹੀਦੀਆਂ ਹਨ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ, ਸਪਲੀਮੈਂਟਰੀ। ਅਗਲਾ ਸਵਾਲ ਸਰਦਾਰ ਹਰੀ ਸਿੰਘ ਜੀ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ ......

**ਮਾਨਯੋਗ ਸਪੀਕਰ** : ਤੁਸੀਂ ਸਪਲੀਮੈਂਟਰੀ ਕੋਈ ਕੀਤੀ ਹੀ ਨਹੀਂ। ਹੁਣ ਟਾਈਮ ਲੰਘ ਗਿਆ ਹੈ। ਸ਼ਿਵਾਲਿਕ ਜੀ, ਹੁਣ ਟਾਈਮ ਲੰਘ ਗਿਆ ਹੈ। ਮੈਂ ਤੁਹਾਨੂੰ ਉਚੇਚਾ ਤਿੰਨ ਵਾਰੀ ਸਪਲੀਮੈਂਟਰੀ ਪੁੱਛਣ ਲਈ ਕਿਹਾ ਹੈ।ਹਾਂ ਜੀ, ਅਗਲਾ ਸਵਾਲ।

---------------

## ਮੱਲਾਂਵਾਲਾ ਵਿਖੇ ਮੁੱਢਲਾ ਸਿਹਤ ਕੇਂਦਰ ਸਥਾਪਿਤ ਕਰਨਾ

***1670. ਸਰਦਾਰ ਹਰੀ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਸਬਾ ਮੱਲਾਂਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ 50 ਬਿਸਤਰਿਆਂ ਵਾਲੇ ਮੁੱਢਲੇ ਸਿਹਤ ਕੇਂਦਰ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਹ ਕਦੋਂ ਤੱਕ ਚਾਲੂ ਹੋ ਜਾਵੇਗਾ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਇਸ ਵੇਲੇ ਕਸਬਾ ਮੱਲਾਂਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ 50 ਬਿਸਤਰਿਆਂ ਦੇ ਹਸਪਤਾਲ ਦੀ ਕੋਈ ਵੀ ਇਮਾਰਤ ਉਸਾਰੀ ਅਧੀਨ ਨਹੀਂ ਹੈ।

**ਸਰਦਾਰ ਹਰੀ ਸਿੰਘ :** ਸਪੀਕਰ ਸਾਹਿਬ, ਇਸ ਹਸਪਤਾਲ ਦਾ ਨੀਂਹ ਪੱਥਰ ਸਾਲ 1978-79 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੇ ਰੱਖਿਆ ਸੀ। ਇਹ ਹਸਪਤਾਲ ਹੁਣ ਤੱਕ ਬਣਿਆ ਨਹੀਂ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਕਦੋਂ ਤੱਕ ਬਣਾਉਣਗੇ?

**ਮਾਨਯੋਗ ਸਪੀਕਰ :** ਤੁਸੀਂ ਬੇਨਤੀ ਕੀਤੀ ਪਰ ਤੁਸੀਂ ਕੋਈ ਕੁਐਸਚਨ

ਵੀ ਪੁੱਛਿਆ ਹੈ? ਸਪਲੀਮੈਂਟਰੀ ਕੀਤੀ ਹੈ ਜਾਂ ਨਹੀਂ? ਬੇਨਤੀ ਨਹੀਂ, ਸਪਲੀਮੈਂਟਰੀ ਕਰੋ।

**ਸਰਦਾਰ ਹਰੀ ਸਿੰਘ :** ਸਪੀਕਰ ਸਾਹਿਬ, ਇਸ ਹਸਪਤਾਲ ਦਾ ਨੀਂਹ ਪੱਥਰ ਸਾਲ 1978-79 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਰੱਖਿਆ ਸੀ, ਇਹ ਹਸਪਤਾਲ ਹੁਣ ਤੱਕ ਬਣਿਆ ਨਹੀਂ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਬਣਾਉਣਗੇ?

**ਮਾਨਯੋਗ ਸਪੀਕਰ :** ਹਾਂ ਜੀ, ਜਿਆਨੀ ਜੀ ਦੱਸੋ, 1979 ਵਿੱਚ ਨੀਂਹ ਪੱਥਰ ਰੱਖਿਆ ਗਿਆ ਹੈ?

**ਮੰਤਰੀ :** ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਨੀਂਹ ਪੱਥਰ ਰੱਖਿਆ ਹੈ। ਐਮ.ਐਲ.ਏ. ਸਾਹਿਬ ਨੂੰ ਵੇਖਦੇ ਹੋਏ ਅਤੇ ਦੂਰੀ ਨੂੰ ਦੇਖਦੇ ਹੋਏ ਅਸੀਂ 30 ਬਿਸਤਰਿਆਂ ਦਾ ਹਸਪਤਾਲ ਬਣਾ ਦਿਆਂਗੇ।(ਥੰਪਿੰਗ)

**ਮਾਨਯੋਗ ਸਪੀਕਰ :** ਧੰਨਵਾਦ ਕਰੋ ਜੀ।

**ਸਰਦਾਰ ਹਰੀ ਸਿੰਘ :** ਧੰਨਵਾਦ ਜੀ।

-------------------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1735

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ, ਆਪਣੇ ਪਾਰਟੀ ਮੈਂਬਰ ਸਾਹਿਬਾਨ ਦੇ ਨਾਲ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

-------------------

## UNSTARRED QUESTIONS AND ANSWERS

### ਜ਼ਿਮੀਂਦਾਰਾਂ ਪਾਸੋਂ ਨਹਿਰੀ ਪਾਣੀ ਦਾ ਮਾਲੀਆ ਲੈਣ ਬਾਰੇ

141 **ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਹਲਕੇ ਵਿਚ ਮੀਰਪੁਰ ਡਿਸਟ੍ਰੀਬਿਊਟਰੀ, ਤੋਏ ਛੰਨੀਆਂ ਡਿਸਟ੍ਰੀਬਿਊਟਰੀ ਅਤੇ ਇਸ ਹਲਕੇ ਵਿੱਚ ਪੈਂਦੀਆਂ ਹੋਰ ਡਿਸਟ੍ਰੀਬਿਊਟਰੀਆਂ ਦੀ ਕਾਫੀ ਲੰਬੇ ਸਮੇਂ ਤੋਂ ਸਫਾਈ ਨਾ ਹੋਣ ਕਰਕੇ ਕਿਸਾਨਾਂ ਨੂੰ ਸਹੀ ਢੰਗ ਨਾਲ ਪਾਣੀ ਨਹੀਂ ਮਿਲ ਰਿਹਾ ਹੈ, ਪਰੰਤੂ ਉਨ੍ਹਾਂ

[ ਸ਼੍ਰੀਮਤੀ ਸੁਖਜੀਤ ਕੌਰ ਸਾਹੀ ]

ਕੋਲੋਂ ਨਹਿਰੀ ਪਾਣੀ ਦਾ ਮਾਲੀਆ ਪੂਰਾ ਵਸੂਲਿਆ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਡਿਸਟ੍ਰੀਬਿਊਟਰੀਆਂ ਦੀ ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਦਸੂਹਾ ਹਲਕੇ ਵਿੱਚ ਡਿਸਟ੍ਰੀਬਿਊਟਰੀਆਂ ਦੀ ਰਿਪੇਅਰ ਦਾ ਕੰਮ ਸਰਕਾਰ ਦੇ ਵਿਚਾਰ ਅਧੀਨ ਹੈ। ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਜੋ ਵੀ ਵਾਟਰ ਸੈਸ ਜ਼ਿਮੀਂਦਾਰਾਂ ਤੋਂ ਲਿਆ ਜਾਵੇਗਾ, ਉਸ ਨੂੰ ਪੰਜਾਬ ਦੀਆਂ ਨਹਿਰਾਂ ਦੇ ਸਬੰਧਤ ਰਜਬਾਹਿਆਂ, ਮਾਈਨਰਾਂ ਦੀ ਰਿਪੇਅਰ ਅਤੇ ਰੱਖ-ਰਖਾਵ ਲਈ ਵਰਤਿਆ ਜਾਵੇਗਾ। ਪਾਣੀ ਦਾ ਸੈਸ ਸਿਰਫ ਉਨ੍ਹਾਂ ਕਿਸਾਨਾਂ ਤੋਂ ਹੀ ਵਸੂਲਿਆ ਜਾਂਦਾ ਹੈ, ਜਿਨ੍ਹਾਂ ਨੂੰ ਸਿੰਚਾਈ ਵਿਭਾਗ ਪਾਣੀ ਮੁਹੱਈਆ ਕਰਵਾ ਰਿਹਾ ਹੈ।

---------------

## ਮਿਉਂਸਪਲ ਕੌਂਸਲ, ਦੀਨਾਨਗਰ ਦੇ ਵਾਰਡਾਂ ਦੀ ਹੱਦਬੰਦੀ ਕਰਨਾ

145. **ਸ੍ਰੀਮਤੀ ਅਰੁਨਾ ਚੌਧਰੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮਿਉਂਸਪਲ ਕੌਂਸਲ, ਦੀਨਾਨਗਰ ਦੇ ਵਾਰਡਾਂ ਦੀ ਹੱਦਬੰਦੀ ਦੀ ਮੌਜੂਦਾ ਸਥਿਤੀ ਕੀ ਹੈ?

(ਅ) ਕੀ ਹੱਦਬੰਦੀ ਬੋਰਡ ਦੇ ਡਿਪਟੀ ਡਾਇਰੈਕਟਰ, ਅੰਮ੍ਰਿਤਸਰ ਅਤੇ ਸਥਾਨਕ ਸਰਕਾਰ ਵਿਭਾਗ ਦੇ ਅਫਸਰਾਂ ਦੁਆਰਾ ਪ੍ਰਵਾਨ ਕੀਤੀ ਗਈ ਤਜਵੀਜ਼ ਅਧਿਸੂਚਿਤ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ?

**ਸ਼੍ਰੀ ਅਨਿਲ ਜੋਸ਼ੀ :** (ੳ) ਨਗਰ ਕੌਂਸਲ, ਦੀਨਾਨਗਰ ਦੀ ਹਲਕਾਬੰਦੀ ਸਬੰਧੀ ਅੰਤਿਮ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ।

(ਅ) ਨਗਰ ਕੌਂਸਲ, ਦੀਨਾਨਗਰ ਦੀ ਹਲਕਾਬੰਦੀ ਸਬੰਧੀ ਮੁੱਢਲੀ ਨੋਟੀਫਿਕੇਸ਼ਨ ਤੇ ਪ੍ਰਭਾਵਿਤ ਵਿਅਕਤੀਆਂ ਵੱਲੋਂ ਪ੍ਰਾਪਤ ਇਤਰਾਜ਼ਾਂ ਸੁਝਾਵਾਂ ਨੂੰ ਸਰਕਾਰ ਵੱਲੋਂ ਵਿਚਾਰਨ ਉਪਰੰਤ ਸੋਧੀ ਹੋਈ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ।

---------------

## ਪੇਂਡੂ ਖੇਤਰਾਂ ਵਿੱਚ ਪਖਾਨੇ ਮੁਹੱਈਆ ਕਰਵਾਉਣੇ

146. **ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਪੇਂਡੂ ਖੇਤਰਾਂ ਵਿੱਚ ਬਗੈਰ ਪਖਾਨੇ ਵਾਲੇ ਘਰਾਂ ਅਤੇ ਸਰਕਾਰ ਦੁਆਰਾ 26 ਜਨਵਰੀ, 2014 ਤੋਂ ਪਖਾਨੇ ਮੁਹੱਈਆ ਕਰਵਾਏ ਗਏ ਪਰਿਵਾਰਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, ਜਲ ਪੂਰਤੀ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਾਲ 2009 ਵਿੱਚ ਕਰਵਾਏ ਗਏ ਸਰਵੇ ਅਨੁਸਾਰ ਬਗੈਰ ਪਖਾਨੇ ਵਾਲੇ ਘਰਾਂ ਦੀ ਗਿਣਤੀ ਅਨੁਲੱਗ "ੳ" ਤੇ ਪੇਸ਼ ਹੈ ਅਤੇ 26 ਜਨਵਰੀ, 2014 ਤੋਂ ਕਿਸੇ ਵੀ ਲਾਭਪਾਤਰੀ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ ਪਖਾਨੇ ਮੁਹੱਈਆ ਨਹੀਂ ਕਰਵਾਏ ਗਏ।

### ( ਅਨੁਲੱਗ ੳ)

**ਬਗੈਰ ਪਖਾਨਿਆਂ ਵਾਲੇ ਘਰਾਂ ਦੀ ਜ਼ਿਲ੍ਹਾ ਵਾਰ ਗਿਣਤੀ**

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਬੀ.ਪੀ.ਐਲ ਪਰਿਵਾਰ ਜਿਨ੍ਹਾਂ ਪਰਿਵਾਰਾਂ ਵਿੱਚ ਪਖਾਨਿਆਂ ਦੀ ਉਸਾਰੀ ਕੀਤੀ ਜਾਣੀ ਹੈ। | ਏ.ਪੀ.ਐਲ ਪਰਿਵਾਰ ਜਿਨ੍ਹਾਂ ਪਰਿਵਾਰਾਂ ਵਿੱਚ ਪਖਾਨਿਆਂ ਦੀ ਉਸਾਰੀ ਕੀਤੀ ਜਾਣੀ ਹੈ। | ਕੁੱਲ ਜੋੜ |
|---|---|---|---|---|
| 1. | ਅੰਮ੍ਰਿਤਸਰ | 13241 | 85329 | 98570 |
| 2. | ਤਰਨਤਾਰਨ | 12798 | 69545 | 82343 |
| 3. | ਗੁਰਦਾਸਪੁਰ | 43008 | 139748 | 182756 |
| 4. | ਜਲੰਧਰ | 22877 | 47095 | 69972 |
| 5. | ਕਪੂਰਥਲਾ | 13576 | 22555 | 36131 |
| 6. | ਹੁਸ਼ਿਆਰਪੁਰ | 11320 | 111238 | 122558 |
| 7. | ਨਵਾਂਸ਼ਹਿਰ | 4729 | 30799 | 35528 |
| 8. | ਬਰਨਾਲਾ | 6818 | 16552 | 23370 |
| 9. | ਸੰਗਰੂਰ | 31229 | 41045 | 72274 |
| 10. | ਬਠਿੰਡਾ | 2045 | 11602 | 13647 |

[ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ]

| | | | |
|---|---|---|---|
| 11. ਮਾਨਸਾ | 18393 | 28070 | 46463 |
| 12. ਪਟਿਆਲਾ | 10493 | 59546 | 70039 |
| 13. ਫਤਿਹਗੜ੍ਹ ਸਹਿਬ | 2485 | 16188 | 18673 |
| 14. ਰੋਪੜ | 28878 | 20272 | 49150 |
| 15. ਮੁਹਾਲੀ | 7145 | 7358 | 14503 |
| 16. ਫਰੀਦਕੋਟ | 2057 | 14867 | 16924 |
| 17. ਮੋਗਾ | 3941 | 22882 | 26823 |
| 18. ਮੁਕਤਸਰ | 9229 | 54836 | 64065 |
| 19. ਫਿਰੋਜ਼ਪੁਰ | 29469 | 76660 | 106129 |
| 20. ਲੁਧਿਆਣਾ | 43405 | 8926 | 52331 |
| ਕੁੱਲ ਜੋੜ | 317136 | 885113 | 1202249 |

_________________

## ਹਲਕਾ ਕਾਦੀਆਂ ਵਿੱਚ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਉਸਾਰੀਆਂ ਗਈਆਂ ਸੜਕਾਂ

**147. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਕਾਦੀਆਂ ਵਿੱਚ ਅਪ੍ਰੈਲ, 2007 ਤੋਂ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਉਸਾਰੀਆਂ ਗਈਆਂ ਸੜਕਾਂ ਦਾ ਵੇਰਵਾ ਕੀ ਹੈ ਅਤੇ ਉਸਾਰੀ ਅਧੀਨ ਸੜਕਾਂ ਦੇ ਨਾਂ ਕੀ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਨੇਪਰੇ ਚਾੜ੍ਹਿਆ ਜਾਵੇਗਾ ?

**ਸਰਦਾਰ ਜਨਮੇਜਾ ਸਿੰਘ ਸੇਖੋਂ:** ਸ਼੍ਰੀਮਾਨ ਜੀ, ਕਾਦੀਆਂ ਤੋਂ ਉਧਨਵਾਲ ਤੱਕ ਸੜਕ ਦੀ ਖਾਸ ਮੁਰੰਮਤ ਅਤੇ ਚੌੜਾ ਕਰਨ ਦਾ ਕੰਮ 30 ਜੂਨ, 2013 ਤੱਕ ਮੁਕੰਮਲ ਕਰ ਦਿੱਤਾ ਗਿਆ ਸੀ ਅਤੇ ਸੜਕ ਦੀ ਹਾਲਤ ਠੀਕ ਹੈ।

ਸ਼ਾਲਾ ਚੱਕ ਸ਼ਰੀਫ ਤੋਂ ਕਾਹਨੂੰਵਾਨ ਅਪਟੂ ਸੇਖਵਾਂ ਅੱਡਾ ਸੜਕ ਦੀ ਖਾਸ ਮੁਰੰਮਤ ਦਾ ਕੰਮ ਦਸੰਬਰ, 2013 ਵਿੱਚ ਠੇਕੇਦਾਰ ਨੂੰ ਅਲਾਟ ਕੀਤਾ ਜਾ ਚੁੱਕਾ

ਹੈ । ਇਸ ਸੜਕ ਦੀ ਖਾਸ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਲਗਭਗ 35% ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ, ਬਾਕੀ ਰਹਿੰਦਾ ਕੰਮ 30 ਜੂਨ, 2015 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

------------

## ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂ ਪ੍ਰਾਪਤ ਕੀਤੇ ਗਏ ਫੰਡ

**148. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਾਲ 2013-14 ਅਤੇ 2014-15 ਦੌਰਾਨ ਵੱਖ ਵੱਖ ਸਕੀਮਾਂ ਅਧੀਨ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਦੁਆਰਾ ਪ੍ਰਾਪਤ ਫੰਡਾਂ ਦਾ ਵੇਰਵਾ ਕੀ ਹੈ ?

(ਅ) ਉਕਤ ਗ੍ਰਾਂਟਾਂ ਦੀ ਵਿੱਤੀ ਅਤੇ ਵਾਸਤਵਿਕ ਸਥਿਤੀ ਕੀ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸ਼੍ਰੀਮਾਨ ਜੀ, (ੳ) ਕੇਂਦਰ ਸਰਕਾਰ ਵੱਲੋਂ ਸਾਲ 2013-14 ਦੌਰਾਨ ਵੱਖ ਵੱਖ ਸਕੀਮਾਂ ਅਧੀਨ 3425.27 ਕਰੋੜ ਰੁਪਏ ਅਤੇ ਸਾਲ 2014-15 ਦੌਰਾਨ 2683.73 ਕਰੋੜ ਰੁਪਏ ਪ੍ਰਾਪਤ ਹੋਏ ਹਨ ।

(ਅ) ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਈ ਰਕਮ ਵੱਖ ਵੱਖ ਵਿਭਾਗਾਂ ਨੂੰ ਸਾਲ 2013-14 ਵਿੱਚ 3034.61 ਕਰੋੜ ਰੁਪਏ ਅਤੇ ਸਾਲ 2014-15 ਦੌਰਾਨ 2568.49 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਾਲ 2013-14 ਦੀ ਜਾਰੀ ਕੀਤੀ ਰਾਸ਼ੀ ਦੇ ਵੇਰਵੇ ਵਿੱਚ ਰਾਜ ਸਰਕਾਰ ਦੇ ਹਿੱਸੇ ਵੱਜੋਂ ਜਾਰੀ ਕੀਤੀ ਰਾਸ਼ੀ ਵੀ ਸ਼ਾਮਲ ਹੈ। ਰਾਜ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਨੂੰ ਜਿੱਥੇ ਕਿਸੇ ਸਕੀਮ ਅਧੀਨ ਕੇਂਦਰ ਸਰਕਾਰ ਤੋਂ ਪ੍ਰਾਪਤ ਰਕਮ ਤੋਂ ਵੱਧ ਰਾਸ਼ੀ ਜਾਰੀ ਕੀਤੀ ਗਈ ਹੈ, ਉਹ ਪਿਛਲੇ ਸਾਲਾਂ ਦੀ ਬਕਾਇਆ ਰਾਸ਼ੀ ਦੇਣ ਕਰਕੇ ਵੱਧ ਬਣਦੀ ਹੈ। ਇਨ੍ਹਾਂ ਪੈਸਿਆਂ ਦੀ ਵਾਸਤਵਿਕ ਸਥਿਤੀ ਬਾਰੇ ਸੂਚਨਾ ਵੱਖ ਵੱਖ ਵਿਭਾਗਾਂ ਵੱਲੋਂ ਹੀ ਦਿੱਤੀ ਜਾ ਸਕਦੀ ਹੈ। ਸਾਲਵਾਰ ਸੂਚਨਾ ਝੰਡੀ-ੳ* ਅਤੇ ਅ* ਤੇ ਰੱਖੀ ਜਾਂਦੀ ਹੈ।

*ਰਿਵਾਈਜ਼ਰ ਬ੍ਰਾਂਚ ਵਿਚ ਰੱਖਿਆ ਗਿਆ।

**ਮਾਨਯੋਗ ਸਪੀਕਰ :** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ। ਹਾਂ ਜੀ, ਧਿਆਨ ਦਿਵਾਊ ਮਤਾ।

## CALL ATTENTION NOTICES UNDER RULE 66

### ਧਿਆਨ ਦਿਵਾਊ ਮਤਾ ਨੰ.: 4

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

----------

### ਧਿਆਨ ਦਿਵਾਊ ਮਤਾ ਨੰ.: 5

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

---------

### ਧਿਆਨ ਦਿਵਾਊ ਮਤਾ ਨੰ.: 9

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

--------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਹਾਂ ਜੀ, ਸੰਸਦੀ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ

1. i) ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ (ਸੋਧਨਾ) ਆਰਡੀਨੈਂਸ,2014 (2014 ਦਾ ਪੰਜਾਬ ਆਰਡੀਨੈਂਸ ਨੰ: 3);

ii) ਪੰਜਾਬ ਮਿਉਂਸਪਲ (ਦੂਜੀ ਸੋਧਨਾ) ਆਰਡੀਨੈਂਸ,2014 (2014 ਦਾ ਪੰਜਾਬ ਆਰਡੀਨੈਂਸ ਨੰ: 5); ਅਤੇ

iii) ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ ਨੰ: 6),

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2)(ੳ) ਅਧੀਨ ਲੋੜੀਂਦਾ ਹੈ।

2. ਸਾਲ 2011-12 ਲਈ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ) ਦੀ ਦੂਜੀ ਸਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 -ੳ ਅਧੀਨ ਲੋੜੀਂਦਾ ਹੈ।

3. ਸਾਲ 2009-10 ਲਈ ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 31ਵੀਂ ਸਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

4. ਸਾਲ 2011-12 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ (ਪੀ.ਆਰ.ਟੀ.ਸੀ.) ਦੀ ਪ੍ਰਬੰਧਕੀ ਰਿਪੋਰਟ ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 35 (3) ਅਧੀਨ ਲੋੜੀਂਦਾ ਹੈ।

5. ਸਾਲ 2009-10 ਲਈ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਿਡ ਦੀ 34ਵੀਂ ਸਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

6. ਸਾਲ 2012-13 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21 (4) ਅਧੀਨ ਲੋੜੀਂਦਾ ਹੈ।

ਸਦਨ ਦੀ ਮੇਜ਼ ਤੇ ਰੱਖਦਾ ਹਾਂ।

---------

## RESOLUTIONS

**ਮਾਨਯੋਗ ਸਪੀਕਰ :** ਹੁਣ ਸਰਦਾਰ ਮਹੇਸ਼ਇੰਦਰ ਸਿੰਘ ਮਤਾ ਪੇਸ਼ ਕਰਨਗੇ।

### 1.RESOLUTION REG. RECOMMENDATION TO THE STATE GOVERNMENT TO CREATE AWARENESS AND IMPLEMENTATION OF TRAFFIC RULES AMOGNST THE PUBLIC TO AVOID ROAD ACCIDENTS.

**ਸਰਦਾਰ ਮਹੇਸ਼ਇੰਦਰ ਸਿੰਘ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ –

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਹਰ ਰੋਜ਼ ਵਾਪਰ ਰਹੇ ਭਿਆਨਕ ਸੜਕ ਹਾਦਸਿਆਂ ਦੇ ਮੱਦੇਨਜ਼ਰ ਆਵਾਜਾਈ ਦੇ ਕਾਨੂੰਨਾਂ ਬਾਰੇ ਆਮ ਲੋਕਾਂ ਨੂੰ ਅਸਰਦਾਰ ਢੰਗ ਨਾਲ ਜਾਗਰੂਕ ਕੀਤਾ ਜਾਵੇ ਅਤੇ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ –

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਹਰ ਰੋਜ਼ ਵਾਪਰ ਰਹੇ ਭਿਆਨਕ ਸੜਕ ਹਾਦਸਿਆਂ ਦੇ ਮੱਦੇਨਜ਼ਰ ਆਵਾਜਾਈ ਦੇ ਕਾਨੂੰਨਾਂ ਬਾਰੇ ਆਮ ਲੋਕਾਂ ਨੂੰ ਅਸਰਦਾਰ ਢੰਗ ਨਾਲ ਜਾਗਰੂਕ ਕੀਤਾ ਜਾਵੇ ਅਤੇ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਵੇ।"

ਬਹਿਸ, ਹਾਂ ਜੀ, ਮਿੱਤਲ ਸਾਹਿਬ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨਮੋਹਨ ਮਿੱਤਲ) :** ਸਪੀਕਰ ਸਾਹਿਬ, ਜਿੱਥੇ ਇਸ ਮਤੇ ਦਾ ਤਾਅਲੁਕ ਹੈ, ਹਾਊਸ ਇਨ੍ਹਾਂ ਦੋ ਮਤਿਆਂ ਨਾਲ ਐਗਰੀ ਕਰਦਾ ਹੈ। ਇਨ੍ਹਾਂ ਤੇ ਬਹਿਸ ਦੀ ਕੋਈ ਲੋੜ ਨਹੀਂ। We all agree to it. ਦੋਵੇਂ ਮਤੇ ਪਾਸ ਕਰ ਦਿਓ. We don't dispute.

**ਮਾਨਯੋਗ ਸਪੀਕਰ :** ਅਸੀਂ ਇਨ੍ਹਾਂ ਮਤਿਆਂ ਨੂੰ ਸੈਂਟਰ ਸਰਕਾਰ ਨੂੰ ਭੇਜਣਾ ਹੈ। We have to recommend to the Centre.

**ਸੰਸਦੀ ਮਾਮਲੇ ਮੰਤਰੀ :** ਹਾਂ ਜੀ, ਰਿਕੁਮੈਂਡ ਕਰ ਦਿਓ।

**ਮਾਨਯੋਗ ਸਪੀਕਰ :** ਇਹ ਰਾਜ ਸਰਕਾਰ ਨੇ ਰਿਕੁਮੈਂਡ ਕਰਨੇ ਹਨ।

**ਸੰਸਦੀ ਮਾਮਲੇ ਮੰਤਰੀ :** ਇਨ੍ਹਾਂ ਨੂੰ ਪਾਸ ਕਰ ਦਿਓ ਜੀ। ਕੋਈ ਡਿਸਪਿਊਟ ਨਹੀਂ ਕਰਦਾ ਅਤੇ ਪੰਜਾਬੀ ਬੋਲਦੇ ਇਲਾਕੇ ਵੀ ਮੰਗ ਲਓ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ ਕਿ-

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਹਰ ਰੋਜ਼ ਵਾਪਰ ਰਹੇ ਭਿਆਨਕ ਸੜਕ ਹਾਦਸਿਆਂ ਦੇ ਮੱਦੇਨਜ਼ਰ ਆਵਾਜਾਈ ਦੇ ਕਾਨੂੰਨਾਂ ਬਾਰੇ ਆਮ ਲੋਕਾਂ ਨੂੰ ਅਸਰਦਾਰ ਢੰਗ ਨਾਲ ਜਾਗਰੂਕ ਕੀਤਾ ਜਾਵੇ ਅਤੇ ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

-------

## ANNOUNCEMENT BY THE SPEAKER

**ਮਾਨਯੋਗ ਸਪੀਕਰ :** ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੇ ਇਸ ਪਵਿੱਤਰ ਸਦਨ ਵਿੱਚ ਮਿਸਟਰ ਪੀਟਰ ਸੰਧੂ, ਐਮ.ਐਲ.ਏ., ਅਲਬਰਟਾ ਵਿਧਾਨ ਸਭਾ, ਕੈਨੇਡਾ ਹਾਜ਼ਰ ਹਨ। (ਥੰਪਿੰਗ)

--------------

## CENSURE MOTION

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਮੈਂਬਰ ਸਾਹਿਬ ਦੇ ਮੋਸ਼ਨ ਮੂਵ ਕਰਨ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੰਨਾ ਸੋਹਣਾ ਹਾਊਸ ਚੱਲਿਆ। ਅਸੀਂ ਨੋ-ਕਾਂਫੀਡੈਂਸ ਮੋਸ਼ਨ ਤੇ ਬੜੇ ਧਿਆਨ ਨਾਲ ਇਨ੍ਹਾਂ ਨੂੰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਸੁਣਿਆ। ਅਸੀਂ ਉਸ ਦਾ ਜਵਾਬ ਦੇਣ ਵਾਸਤੇ ਤਿਆਰ ਸੀ। ਬਾਦਲ ਸਾਹਿਬ ਵੀ ਤਿਆਰ ਸਨ ਅਤੇ ਮੇਰੇ ਸਾਥੀ ਆਨਰੇਬਲ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਵੀ ਤਿਆਰ

[ ਸੰਸਦੀ ਮਾਮਲੇ ਮੰਤਰੀ ]

ਸਨ। ਬਾਕੀ ਹੋਰ ਮੈਂਬਰ ਵੀ ਤਿਆਰ ਸਨ ਪਰ ਆਪੋਜ਼ੀਸ਼ਨ ਪਾਰਟੀ ਵਾਲਿਆਂ ਨੇ as usual ਮਿਥਿਆ ਹੋਇਆ ਸੀ, ਜਦੋਂ ਹੀ ਉਹ ਮਤਾ ਮੂਵ ਕਰਦੇ ਹਨ, ਆਪਣੀ ਗੱਲ ਕਹਿਣ ਤੋਂ ਬਾਅਦ they don't allow the other side to put their version. ਇਹ ਜਿਹੜਾ ਉਨ੍ਹਾਂ ਦਾ ਤਰੀਕਾ ਹੈ, ਇਨ-ਡਸਿਪਲਨ ਕ੍ਰੀਏਟ ਕਰਨਾ ਅਤੇ ਜਿੰਨੇ ਵੀ ਅਨਪਾਰਲੀਮੈਂਟਰੀ ਸ਼ਬਦ ਇੱਥੇ ਇਸਤੇਮਾਲ ਕੀਤੇ ਗਏ ਹਨ, ਜਿਹੜੇ ਸ਼ਬਦ ਆਮ ਮੁਹੱਲਿਆਂ ਵਿੱਚ ਅਤੇ ਪਿੰਡਾਂ ਵਿੱਚ ਵੀ ਯੂਜ਼ ਨਹੀਂ ਕੀਤੇ ਜਾਂਦੇ ਅਤੇ ਖਾਸ ਤੌਰ ਤੇ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਸਾਹਿਬ ਦੇ ਰਿਸ਼ਤੇ ਨੂੰ ਜਿਸ ਢੰਗ ਨਾਲ ਇੱਥੇ ਪ੍ਰੋਜੈਕਟ ਕੀਤਾ ਗਿਆ, ਜਿਸ ਢੰਗ ਨਾਲ ਇੱਥੇ ਨਾਅਰੇ ਲਗਾਏ ਗਏ.....

**ਮਾਨਯੋਗ ਸਪੀਕਰ :** ਮੈਂ ਉਹ ਸਾਰਾ ਕੁਝ ਐਕਸਪੰਜ ਕਰਵਾ ਦਿੱਤਾ ਹੈ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਉਸ ਨੂੰ ਕੰਡੈਮ ਕਰਨਾ ਚਾਹੁੰਦਾ ਹਾਂ। ਜਿਸ ਢੰਗ ਨਾਲ ਨੋ-ਕਾਂਫੀਡੈਂਸ ਮੋਸ਼ਨ ਵੇਲੇ ਐਂਟੀ ਗੌਰਮਿੰਟ ਸਲੋਗਨ ਲਗਾਏ ਗਏ ਹਨ, No Confidence Motion is against the government and they had been raising slogans only against the BJP. And they even condemned the Speaker. You have been elected unanimously. ਸਰਬਸੰਮਤੀ ਨਾਲ ਤੁਹਾਡਾ ਚੁਨਾਓ ਹੋਇਆ ਹੈ। Everybody has shown faith in you. They have no respect for the Chair. They have no respect for anybody. They have no respect for the Prime Minister. They have no respect for any Member. ਸਾਰੀ ਆਪੋਜ਼ੀਸ਼ਨ ਪਾਰਟੀ led by Opposition Leader Shri Sunil Jakhar ਜਿਹੜਾ ਉਨ੍ਹਾਂ ਦਾ ਅੱਜ ਦਾ ਰੋਲ ਹੈ, ਜੋ ਮੰਦੀ ਭਾਸ਼ਾ ਆਪਣੇ ਭਾਸ਼ਣ ਦੌਰਾਨ ਇੱਥੇ ਖੜ੍ਹੇ ਹੋ ਕੇ ਇਸਤੇਮਾਲ ਕੀਤੀ ਹੈ, ਉਸ ਦੀ ਅਸੀਂ ਘੋਰ ਨਿੰਦਾ ਕਰਨੀ ਚਾਹੁੰਦੇ ਹਾਂ ਅਤੇ ਅੱਗੋਂ ਵਾਸਤੇ ਜਦੋਂ ਮੈਂਬਰ ਸਾਹਿਬਾਨ ਬੋਲਣ ਤਾਂ ਉਹ ਆਪਣੀ ਜ਼ਿੰਮੇਵਾਰੀ ਸਮਝਣ। ਮੁਰਦਾਬਾਦ ਕਹਿਣ ਨਾਲ ਨਾ ਕੋਈ ਬੰਦਾ ਵੱਡਾ ਹੁੰਦਾ ਹੈ ਅਤੇ ਨਾ ਹੀ ਛੋਟਾ ਹੁੰਦਾ ਹੈ। ਮੁਰਦਾਬਾਦ ਕਹਿਣ ਨਾਲ ਸਗੋਂ ਉਮਰ ਵਧਦੀ ਹੈ। ਬੀ.ਜੇ.ਪੀ. ਵੱਧ ਰਹੀ ਹੈ, ਅਕਾਲੀ ਦਲ ਵੱਧ ਰਿਹਾ ਹੈ। ਬਾਦਲ ਸਾਹਿਬ ਬਹੁਤ ਤਕੜੇ ਹੋ ਗਏ ਹਨ। ਮੈਨੂੰ ਸਰਦਾਰ ਕੈਰੋਂ ਸਾਹਿਬ ਦਾ ਇੱਕ ਫਿਕਰਾ ਯਾਦ ਆ ਰਿਹਾ ਹੈ। ਚੌਧਰੀ ਦੇਵੀ ਲਾਲ ਅਤੇ ਉਨ੍ਹਾਂ ਦੀ ਬੜੀ ਸਖ਼ਤ

ਲੜਾਈ ਸੀ। ਸਰਦਾਰ ਪ੍ਰਤਾਪ ਸਿੰਘ ਕੈਰੋਂ ਸਾਹਿਬ ਨੇ ਕਿਹਾ ਸੀ ਕਿ ਜੱਟ ਤਾਂ ਸੁਹਾਗੇ ਤੇ ਖੜ੍ਹਾ ਮਾਣ ਨਹੀਂ, ਮੈਂ ਤਾਂ ਪੂਰੇ ਪੰਜਾਬ ਦਾ ਮੁੱਖ ਮੰਤਰੀ ਹਾਂ। ਤੂੰ ਮੈਨੂੰ ਨਹੀਂ ਹਿਲਾ ਸਕਦਾ। ਸੋ, ਸਰਦਾਰ ਪਰਕਾਸ਼ ਸਿੰਘ ਬਾਦਲ ਤਕੜਾ ਜੱਟ ਹੈ।(ਥੰਪਿੰਗ) ਇਹ ਜਿੰਨਾ ਮਰਜ਼ੀ ਰੌਲਾ ਪਾ ਲੈਣ, ਉਸ ਦੀ ਕੁਰਸੀ ਨਹੀਂ ਹਿਲਾ ਸਕਦੇ। ਇਨ੍ਹਾਂ ਨੇ ਤਾਂ ਪ੍ਰਧਾਨ ਮੰਤਰੀ ਵੀ ਕੰਡੈਮ ਕਰ ਦਿੱਤਾ ਕਿ ਮਤਾ ਲਿਆਓ। ਮੈਨੂੰ ਤਾਂ ਇਵੇਂ ਲਗਦਾ ਸੀ ਕਿ they have lost balance. ਮੈਂ ਤਾਂ ਇੱਥੇ ਇਹ ਮੁੱਦਾ ਲਿਆਉਣ ਲੱਗਿਆ ਸੀ ਕਿ ਅੱਗੋਂ ਵਾਸਤੇ ਡਾਕਟਰ ਸਦਨ ਵਿੱਚ ਸੱਦਣੇ ਪੈਣਗੇ, ਜਿਸ ਤਰੀਕੇ ਦਾ ਇਨ੍ਹਾਂ ਦਾ ਬਿਹੇਵ ਸੀ। ਇਸ ਕਰਕੇ ਜੋ ਕੁਝ ਇੱਥੇ ਬੋਲਿਆ ਗਿਆ ਹੈ...(ਸਰਦਾਰ ਬਲਵਿੰਦਰ ਸਿੰਘ ਬੈਂਸ ਵੱਲੋਂ ਵਿਘਨ) ਤੁਹਾਡੀ ਵਾਰੀ ਆਵੇਗੀ, ਉਸ ਵੇਲੇ ਬੋਲ ਲੈਣਾ।

**Mr. Speaker :** Bains ji, please don't speak without permission.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਜਿਸ ਢੰਗ ਨਾਲ ਉਹ ਰੋ ਰਹੇ ਸਨ, ਜਿਸ ਢੰਗ ਨਾਲ ਕੂਕਾਂ ਮਾਰ ਰਹੇ ਸੀ...

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**Mr. Speaker:** Mr. Bains, you are speaking without permission. Nothing should be recorded without my permission. ਬੈਂਸ ਸਾਹਿਬ, ਬੈਠ ਜਾਉ।

**ਸੰਸਦੀ ਮਾਮਲੇ ਮੰਤਰੀ :** ਇਸ ਕਰਕੇ ਜਿਸ ਤਰ੍ਹਾਂ ਨਾਲ ਉਹ ਕੂਕਾਂ ਮਾਰਦੇ ਸੀ (ਵਿਘਨ) ਤੁਸੀਂ ਵੇਖਿਆ ਹੋਵੇਗਾ ਕਿ ਜੰਗਲ ਵਿੱਚ ਕੁਝ ਐਸੇ ਪਸ਼ੂ ਹੁੰਦੇ ਹਨ, ਜਦੋਂ ਇੱਕ ਰੋਣ ਲਗਦਾ ਹੈ ਤਾਂ ਸਾਰੇ ਹੀ ਰੋਣ ਲੱਗ ਜਾਂਦੇ ਹਨ। ਇਸ ਕਰਕੇ ਜੋ ਕੁਝ ਇੱਥੇ ਹੋਇਆ, ਸਿਆਪਾ ਕਰਨ ਵਾਲਾ, ਇੱਥੇ ਜ਼ਿੰਦਾਬਾਦ-ਮੁਰਦਾਬਾਦ ਤੋਂ ਇਲਾਵਾ ਕੁਝ ਹੋਰ ਹੋਇਆ ਨਹੀਂ ਹੈ। Neither it was parliamentary nor it is to the status of the House. ਸਪੀਕਰ ਸਾਹਿਬ, ਇੱਕ ਕੈਂਪ ਹੀ ਲਗਾ ਲਉ, ਉਨ੍ਹਾਂ ਨੂੰ ਮੈਨਰ ਤਾਂ ਸਿਖਾ ਦੇਈਏ। This

---

**ਚੇਅਰ ਦੇ ਹੁਕਮਾਂ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

[ ਸੰਸਦੀ ਮਾਮਲੇ ਮੰਤਰੀ ]

is not the system of the House. ਆਪਣੀ ਗੱਲ ਕਰੀ ਜਾਣਗੇ ਪਰ ਦੂਸਰੇ ਦੀ ਗੱਲ ਨਹੀਂ ਸੁਣਨੀ, ਜੇ ਕੋਈ ਚੰਗੀ ਗੱਲ ਕਰਦਾ ਹੈ। ਇੰਨੇ ਵੱਡੇ ਸਦਨ ਵਿੱਚ ਅਸੀਂ ਬੈਠੇ ਹਾਂ ਜਿਥੇ ਕਿ ਪਤਾ ਨਹੀਂ ਕਿੰਨੇ ਵੱਡੇ ਵੱਡੇ ਪਾਰਲੀਮੈਂਟੇਰੀਅਨ ਇਸ ਪਾਸੇ ਵੀ ਅਤੇ ਉਸ ਪਾਸੇ ਵੀ ਬੈਠਦੇ ਰਹੇ। ਅਸੀਂ ਉਨ੍ਹਾਂ ਦਾ ਤਾਂ ਧਿਆਨ ਰੱਖ ਲਈਏ। ਸਾਡੇ ਵਿਚੋਂ ਕਈ ਮੈਂਬਰਾਂ ਦੇ ਬਜ਼ੁਰਗ ਵੀ ਇੱਥੇ ਬੈਠਦੇ ਹੁੰਦੇ ਸੀ। Some of the Members are sons and grandsons of those Members. ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਤਾਂ ਹੱਦ ਹੀ ਹੋ ਗਈ। ਹਾਊਸ ਦੀ ਪਵਿੱਤਰਤਾ ਬੜੀ ਭੰਗ ਹੋਈ ਹੈ। ਇਸ ਵਾਸਤੇ ਉਨ੍ਹਾਂ ਦੇ ਇਸ ਕੰਡਕਟ ਨੂੰ ਕੰਡੈਮ ਕੀਤਾ ਜਾਵੇ। ਇਸ ਦੇ ਵਾਸਤੇ ਕੰਡੈਮਨੇਸ਼ਨ ਦਾ ਮੋਸ਼ਨ ਮੈਂ ਮੂਵ ਕਰਦਾ ਹਾਂ, ਇਸ ਨੂੰ ਪਾਸ ਕੀਤਾ ਜਾਵੇ।(ਥੰਪਿੰਗ)

**ਮਾਨਯੋਗ ਸਪੀਕਰ :** ਜੇ ਹਾਊਸ ਐਗਰੀ ਕਰਦਾ ਹੈ ਤਾਂ ਕੰਡੈਮਨੇਸ਼ਨ ਦਾ ਮਤਾ ਪਾਸ ਕਰ ਦਿੱਤਾ ਜਾਵੇ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

"ਇਹ ਸਦਨ ਵਿਰੋਧੀ ਧਿਰ ਵੱਲੋਂ ਅਵਿਸ਼ਵਾਸ ਮਤੇ ਦੌਰਾਨ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਚੇਅਰ ਅਤੇ ਸਦਨ ਦੇ ਮੈਂਬਰ ਸਾਹਿਬਾਨ ਖਿਲਾਫ ਜੋ ਮੰਦੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ, ਜਿਸ ਨਾਲ ਸਦਨ ਦੀ ਪਵਿੱਤਰਤਾ ਭੰਗ ਹੋਈ ਹੈ, ਉਸ ਦੀ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ–

"ਇਹ ਸਦਨ ਵਿਰੋਧੀ ਧਿਰ ਵੱਲੋਂ ਅਵਿਸ਼ਵਾਸ ਮਤੇ ਦੌਰਾਨ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਚੇਅਰ ਅਤੇ ਸਦਨ ਦੇ ਮੈਂਬਰ ਸਾਹਿਬਾਨ ਖਿਲਾਫ ਜੋ ਮੰਦੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ, ਜਿਸ ਨਾਲ ਸਦਨ ਦੀ ਪਵਿੱਤਰਤਾ ਭੰਗ ਹੋਈ ਹੈ, ਉਸ ਦੀ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ ਕਿ–

"ਇਹ ਸਦਨ ਵਿਰੋਧੀ ਧਿਰ ਵੱਲੋਂ ਅਵਿਸ਼ਵਾਸ ਮਤੇ ਦੌਰਾਨ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਚੇਅਰ ਅਤੇ ਸਦਨ ਦੇ ਮੈਂਬਰ ਸਾਹਿਬਾਨ ਖਿਲਾਫ ਜੋ ਮੰਦੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ, ਜਿਸ ਨਾਲ ਸਦਨ ਦੀ ਪਵਿੱਤਰਤਾ ਭੰਗ ਹੋਈ ਹੈ, ਉਸ ਦੀ ਘੋਰ ਨਿੰਦਾ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---------

**RESOLUTION *(Resumption)***

**2. RESOLUTION REG. RECOMMENDATION TO THE STATE GOVERNMENT TO RAISE THE MATTER WITH THE CENTRAL GOVERNMENT TO TRANSFER CHANDIGARH & OTHER PUNJABI SPEAKING AREAS TO PUNJAB.**

**ਮਾਨਯੋਗ ਸਪੀਕਰ :** ਸਰਦਾਰ ਇਕਬਾਲ ਸਿੰਘ ਝੂੰਦਾਂ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

> "ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਚੰਡੀਗੜ੍ਹ ਅਤੇ ਇਸ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਤੁਰੰਤ ਦਿੱਤੇ ਜਾਣ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ–

> "ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਚੰਡੀਗੜ੍ਹ ਅਤੇ ਇਸ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਤੁਰੰਤ ਦਿੱਤੇ ਜਾਣ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ ਕਿ–

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਚੰਡੀਗੜ੍ਹ ਅਤੇ ਇਸ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਤੁਰੰਤ ਦਿੱਤੇ ਜਾਣ।"

***ਪ੍ਰਸਤਾਵ ਪ੍ਰਵਾਨ ਹੋਇਆ।***

----------

**ਮਾਨਯੋਗ ਸਪੀਕਰ :** ਹੁਣ ਸਦਨ ਬੁੱਧਵਾਰ, ਮਿਤੀ 24 ਦਸੰਬਰ, 2014 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*4.17 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 24 ਦਸੰਬਰ, 2014 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

# APPENDIX

# TO

# PUNJAB VIDHAN SABHA DEBATES

***Tuesday, The 23rd December, 2014***

***(Afternoon Sitting)***

***Vol. IX- No.3***

## STARRED QUESTION AND ANSWER

----------

## ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਕੀਤੇ ਗਏ ਚਲਾਨ

***1666. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੇ ਰੋਕ ਲਗਾਈ ਹੋਈ ਹੈ, ਜੇਕਰ ਅਜਿਹਾ ਹੈ ਤਾਂ ਕੀ ਰੋਕ ਦੇ ਬਾਵਜੂਦ ਵੀ ਪਰਾਲੀ ਸਾੜੀ ਜਾ ਰਹੀ ਹੈ:

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਾਲ 2013 ਅਤੇ 2014 ਦੌਰਾਨ ਰਾਜ ਵਿੱਚ ਉਪਰੋਕਤ ਸਬੰਧੀ ਰੋਕ ਦੀ ਉਲੰਘਣਾ ਕਰਨ ਵਾਲੇ ਲੋਕਾਂ ਖਿਲਾਫ ਜ਼ਿਲ੍ਹਾਵਾਰ ਕਿੰਨੇ ਚਲਾਨ ਕੀਤੇ ਗਏ ਹਨ ਅਤੇ ਉਨ੍ਹਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ ?

**ਸਰਦਾਰ ਤੋਤਾ ਸਿੰਘ :** (ੳ) ਹਾਂ ਜੀ, ਪੰਜਾਬ ਸਰਕਾਰ ਨੇ ਅਕਤੂਬਰ, 2013 ਤੋਂ ਪੂਰੇ ਪੰਜਾਬ ਰਾਜ ਵਿੱਚ ਕਣਕ ਦੇ ਨਾੜ, ਝੋਨੇ ਦੀ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਖੇਤਾਂ ਵਿੱਚ ਅੱਗ ਲਾ ਕੇ ਸਾੜਨ ਤੇ ਰੋਕ ਲਗਾ ਦਿੱਤੀ ਹੈ ਲੇਕਿਨ ਅਜੇ ਵੀ ਕੁਝ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਖੇਤਾਂ ਵਿੱਚ ਸਾੜੀ ਜਾ ਰਹੀ ਹੈ।

(ਅ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵੱਲੋਂ ਸਾਲ 2013 ਅਤੇ ਸਾਲ 2014 ਦੌਰਾਨ ਉਪਰੋਕਤ ਸਬੰਧੀ ਰੋਕ ਦੀ ਉਲੰਘਣਾ ਕਰਨ ਵਾਲੇ ਲੋਕਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਸੂਚਨਾ ਅਨੁਲੱਗ ਵਿੱਚ ਦਿੱਤੀ ਗਈ ਹੈ।

(ii)

**ਅਨੁਲੱਗ**

**ਸਾਲ 2013 ਅਤੇ 2014 ਦੌਰਾਨ ਕਿਸਾਨਾਂ ਖਿਲਾਫ ਦਰਜ ਕੀਤੇ ਮਾਮਲੇ (ਐਫ.ਆਈ.ਆਰਜ਼/ਕੋਰਟ ਕੇਸ)ਦਾ ਵੇਰਵਾ**

| ਲੜੀ ਨੰ: | ਜ਼ਿਲ੍ਹਾ | ਸਾਲ 2013 ਵਿੱਚ ਦਰਜ ਕੀਤੇ ਮਾਮਲਿਆਂ ਦੀ ਗਿਣਤੀ | ਸਾਲ 2014 ਵਿੱਚ ਦਰਜ ਕੀਤੇ ਮਾਮਲਿਆਂ ਦੀ ਗਿਣਤੀ |
|---|---|---|---|
| 1. | ਪਟਿਆਲਾ | 7 | 2 |
| 2. | ਐਸ.ਏ.ਐਸ. ਨਗਰ | 0 | 2 |
| 3. | ਰੂਪ ਨਗਰ | 0 | 2 |
| 4. | ਸੰਗਰੂਰ | 0 | 6 |
| 5. | ਬਰਨਾਲਾ | 0 | 2 |
| 6. | ਬਠਿੰਡਾ | 0 | 0 |
| 7. | ਮਾਨਸਾ | 2 | 0 |
| 8. | ਸ੍ਰੀ ਮੁਕਤਸਰ ਸਾਹਿਬ | 0 | 0 |
| 9. | ਫਿਰੋਜ਼ਪੁਰ | 2 | 0 |
| 10. | ਫਰੀਦਕੋਟ | 2 | 0 |
| 11. | ਮੋਗਾ | 31 | 0 |
| 12. | ਫਾਜ਼ਿਲਕਾ | 0 | 0 |
| 13. | ਸ੍ਰੀ ਫਤਿਹਗੜ੍ਹ ਸਾਹਿਬ | 0 | 0 |
| 14. | ਲੁਧਿਆਣਾ | 0 | 5 |
| 15. | ਜਲੰਧਰ | 0 | 0 |
| 16. | ਕਪੂਰਥਲਾ | 5 | 0 |
| 17. | ਹੁਸ਼ਿਆਰਪੁਰ | 0 | 1 |
| 18. | ਸ਼ਹੀਦ ਭਗਤ ਸਿੰਘ ਨਗਰ | 1 | 0 |
| 19. | ਗੁਰਦਾਸਪੁਰ | 2 | 1 |
| 20. | ਪਠਾਨਕੋਟ | 1 | 0 |
| 21. | ਸ੍ਰੀ ਅੰਮ੍ਰਿਤਸਰ | 0 | 0 |
| 22. | ਤਰਨਤਾਰਨ | 0 | 1 |
| | **ਕੁਲ ਜੋੜ** | **53** | **22** |

## ਪੰਜਾਬ ਮੰਤਰੀ ਮੰਡਲ ਦੀ ਸੂਚੀ
## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸਾਸ਼ਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਣ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |

| | | |
|---|---|---|
| 10) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 12) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਚਾਈ ਮੰਤਰੀ |
| 17) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ ਜੰਗਲੀ ਜੀਵ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |
| 15) | ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) | ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) | ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) | ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) | ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

© 2015

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8576/03-2015(5)

# PUNJAB VIDHAN SABHA

## DEBATES

*Tuesday, the 23rd December, 2014*

*(Afternoon Sitting)*

**Vol. IX– No. 3**

OFFICIAL REPORT

CONTENTS


| | Page |
|---|---|
| Starred Questions and Answers | (3) 1 |
| Walk out | (3) 21 |
| Starred Questions and Answers *(Resumption)* | (3) 22 |
| Unstarred Questions and Answers | (3) 25 |
| Call Attention Notices under Rule 66 | (3) 30 |
| Papers Laid on the Table of the House | (3) 30 |
| Resolutions: | (3) 32 |
| 1. Reg. Recommendation to the State Government to create awareness and implementation of Traffic Rules amongst the public to avoid road accidents. | |
| Announcement by the Speaker | (3) 33 |
| Censure Motion | (3) 33 |
| Resolution *(Resumption)* | (3) 37 |
| 2. Reg. Recommendation to the State Government to raise the matter with the Central Government to transfer Chandigarh and other Punjabi speaking areas to Punjab | |
| Appendix | (i) |


---


**Punjab Vidhan Sabha Secretariat, Chandigarh**

Price : Rs._________.